*ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ॥

-ਭੈਰ ਨਾਮ, ੯, ੪:੧ (1165)

*ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ॥

-ਮਾਰੂ ੫, ੧੧,੧:੨ (1001)

*ਜਿਉ ਮੰਦਰ ਕਉ ਥਾਮੈ ਥੰਮਨੁ॥

-ਗਉ ੫, ਸੁਖ ੧੫, ੩:੧ (282)

*ਬਿਨ ਹੀ ਥਾਭਹ ਮੰਦਿਰ ਥੰਭੈ॥

-ਗਉ ਕਬ, ਬਾਅ ੨੩:੪ (341)

*ਬਿਨ ਥੰਮਾ ਰਾਖੇ ਸਚੁ ਕਲ ਪਾਏ॥

-ਮਾਰੂ ੧, ਸੋਲਾ ੧੭,੬:੨ (1037)

*ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ ਲਾਤਿਆ॥

-ਬਿਹਾ ੫,ਛੰਤ ੭,੨:੪ (546)

*ਥੰਮੁ ਉਪਾੜਿ ਹਰਿ ਆਪੁ ਦਿ ਖਾਇਆ॥

-ਭੈਰ ੩, ਅਸ ੧, ੯:੧ (1154)

ਥਾਤੀ- ਪੂੰਜੀ, ਰਾਸ, ਦੋਲਤ, ਮਾਇਆ

*ਥਾਤੀ ਪਾਈ ਹਰਿ ਕੋ ਨਾਮ॥

-ਗਉ ੫, ੧੫੩,੧:੧ (196)

ਥਾਲ- ਪਰਾਤ, ਇਕ ਭਾਂਡਾ, ਜੋ ਵੱਡਾ, ਗੋਲ ਤੇ ਘਟ ਡੂੰਘਾ ਹੁੰਦਾ ਹੈ ਜਿਸ ਵਿਚ ਆਮ ਕਰਕੇ ਰੋਟੀ ਖਾਂਦੇ ਹਨ, ਹੋਰ ਵੇਖੋ 'ਥਾਲੁ'

*ਥਾਲ ਵਿਚਿ ਤਿੰਨਿ ਵਸਤੂ ਪਾਈਓ ਸਤੁ ਸੰਤੋਖ ਵੀਚਾਰੋ॥

-ਮੁੰਦਾ ੫,੧:੧ (1429)

*ਗਗਨ ਮੈਂ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

-ਧਨਾ ੧, ੯,੧:੧ (663)

*ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥

-ਸੋਰ੪, ਵਾਰ ੮ਸ, ੩,੧:੧ (645)

*ਕੋਈ ਜਾਇ ਮਿਲੈ ਤਿਨ ਨਿੰਦਕਾਂ ਮੁਹ ਫਿਕੇ ਥੁਕ ਥੁਕ ਮੁਹਿ ਪਾਈ॥

-ਗਉ ੪,ਵਾਰ ੧੫ਸ, ੨:੨ (308)

*ਕੀਉ ਸੀਗਾਰ ਮਿਲਣ ਕੈ ਤਾਈ ਪ੍ਰਭੁ ਜੀਉ ਸੁਹਾਗਨਿ ਥੂਕ ਮੁਖਿ ਪਈਆ॥

-ਬਿਲਾ ੪, ਅਸ ੫,੭,੨ (836)

ਥੂਨਿ- ਥੰਮੀ

*ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।

-ਗਉ ਕਬ, ਅਸ ੪੩,੧:੧ (331)

ਥੇਕੈ- ਮਿਆਨ, ਤਲਵਾਰ ਰੱਖਣ ਲਈ ਵਰਤੀ ਜਾਂਦੀ ਵਸਤੂ

*ਗੁਣ ਕੀ ਥੇਕੈ ਵਿਚਿ ਸਮਾਇ॥

ਥੇਵਾ- ਮੁੰਦਰੀ ਦਾ ਨਗ, ਛਾਪ ਵਿਚ ਜੜਿਆ ਹੋਇਆ ਨਗੀਨਾ

*ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ॥

-ਆਸਾ ੫, ੪੪, ੨:੨ (381)

ਥੈਲੀ- ਦੌਲਤ ਦੀ ਗੁਥੀ, ਮਾਇਆ, ਛੋਟਾ ਥੈਲਾ

*ਥੈਲੀ ਸੰਚਹੁ ਕਰਹੁ ਥਾਕਿ ਪਰਹੁ ਗਾਵਾਰ॥

-ਗਉ ੫, ਬਾਅ ੩੩:੩ (257)

ਥੋਕ- ਵਸਤੂਆਂ, ਚੀਜ਼ਾਂ, ਪਦਾਰਥ, ਇਕੱਠਾ ਮਾਲ, ਢੇਰ

*ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ॥

-ਸਿਰੀ ੫, ੭੬,੧:੧ (44)

*ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥

-ਸਿਰੀ ੫, ਛੰਤ ੩,੩੩:੨ (80)

*ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ॥

-ਗੂਜ ੫, ੩,੩:੨ (496)

*ਵਿਧੜੋ ਸਚ ਥੋਕਿ ਨਾਨਕ ਮਿਠੜਾ ਸੋ ਧਣੀ॥

-ਜੈਤ ੫, ਵਾਰ ੧੧ਸ, ੫,੨:੨ (708)

*ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ॥

-ਭੈਰ ੫,੫੫,੪:੨ (1152)

ਥੂਟਿਟਿ- ਪਸ਼ੂਆਂ ਨੂੰ ਤੋਰਨ ਲਈ ਪੈਦਾ ਕੀਤੀ ਜਾਂਦੀ ਆਵਾਜ਼

*ਜੈਸੇ ਪਨਕਤ ਥ੍ਰੂਟਿਟਿ ਹਾਂਕਤੀ॥

-ਬਸੰ ਨਾਮ, ੩, ੯,੧:੧ (1196)

ਦਉਲਤਿ- (ਅ.ਦੌਲਤ) ਨਕਦੀ, ਸੰਪਤੀ, ਧਨ, ਮਾਲ

*ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥

-ਰਾਮ ਬਸ, ੩, ੯ (967)

ਦਸਤਾਰ- (ਫਾ.ਦਸਤਾਰ) ਪਗੜੀ, ਪੱਗ

*ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥

-ਮਾਰੂ ੫, ਸੋਲਾ ੧੨,੧੨:੩ (1084)

ਦਹੀਂ- ਜਾਗ ਲਾ ਕੇ ਜਮਾਇਆ ਹੋਇਆ ਦੁੱਧ

*ਵੂਠੇ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀਂ ਵਿਲੋਵੈ॥

-ਮਾਝ ੧, ਵਾਰ ੨੬ਸ, ੧,੧:੨੧ (150)

ਦਖਿਣਾ- ਦਾਨ, ਭੇਟਾ, ਉਹ ਨਕਦੀ ਜਿਹੜੀ ਬ੍ਰਾਹਮਣਾਂ ਜਾਂ ਪੁਰਹੋਤਾਂ ਨੂੰ ਭੋਜਨ ਖੁਆਉਣ ਸਮੇਂ ਦਿੱਤੀ ਜਾਂਦੀ ਹੈ।

*ਇਕ **ਦਖਿਣਾ** ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥

-ਪ੍ਰਭਾ ੧,੭,੧:੧ (1329)*

ਦਗਲੀ- (ਫਾ.ਦਗਲਾ) ਕੁੜਤੀ, ਕੋਟ, ਖੁਲ੍ਹਾ ਰੂੰਦਾਰ ਕੋਟ, ਸਿਪਾਹੀਆਂ ਦੀ ਅਰਕਨ

*ਪਹਿਰਉ ਨਹੀਂ **ਦਗਲੀ** ਲਗੈ ਨ ਪਾਲਾ॥

-ਆਸਾ ਕਬ, ੩,੧:੨ (476)*

ਦਗਾਈ- ਤੱਤੇ ਲੋਹੇ ਨਾਲ ਮੱਥੇ ਉਤੇ ਲਾਇਆ ਨਿਸ਼ਾਨ ਜੋ ਗੁਲਾਮੀ ਦਾ ਚਿੰਨ੍ਹ ਹੁੰਦਾ ਹੈ ਤੇ ਦਾਗਣ ਦੀ ਕਿਰਿਆ ਜਾਂ ਭਾਵ

*ਤੇਰੇ ਦੁਆਰੈ ਧਨਿ ਸਹਜ ਕੀ ਮਾਥੈ ਮੇਰੇ **ਦਗਾਈ**॥

-ਰਾਮ ਕਬ, ੪,੨:੨ (970)

ਦੰਡਧਾਰ- ਦੰਡੀ, ਡੰਡਾ ਧਾਰ ਜੋਗੀ, ਡੰਡਾ ਪਕੜਨ ਵਾਲਾ, ਸਨਿਆਸੀ ਸਾਧੂ,

***ਦੰਡਧਾਰ** ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ॥

-ਭੈਰ ੫,੧੫,੧:੨ (1139)

ਦਤ- ਬਖ਼ਸ਼ਿਸ਼, ਦਾਤ, ਦਾਨ,

*ਤੀਰਥ ਤਪੁ ਦਇਆ **ਦਤ** ਦਾਨੁ॥

-ਜਪੁ, ੧, ੨੧:੧ (4)

*ਕੰਚਨਾ ਬਹੁ **ਦਤ** ਕਰਾ

-ਸਾਰ ੫,੧੩੧,੧:੧ (1229)*

ਦੰਤ- ਦੰਦ, ਮਨੁੱਖਾਂ ਅਤੇ ਜਾਨਵਰਾਂ ਦੇ ਮੂੰਹਾਂ ਵਿਚ ਨਿਕਲੇ ਚਿੱਟੇ ਹੱਡੀ ਦੇ ਟੁਕੜੇ

*ਤੇਰੇ ਬੰਕੇ ਲੋਇਣ **ਦੰਤ** ਰੀਸਾਲਾ॥

-ਵਡ ੧, ਛੰਤ ੨,੭:੧ (567)

*ਮਾਇਆ ਮਮਤਾ ਮੋਹਣੀ ਜਿਨਿ ਵਿਣੁ **ਦੰਤਾ** ਜਗੁ ਖਾਇਆ॥

-ਸੋਰ ੪, ਵਾਰ੪ਸ, ੩,੧:੧ (643)

***ਦੰਦੀ** ਮੈਲੁ ਨ ਕਤੁ ਮਨਿ ਜੀਤੈ ਸੱਚਾ ਸੋਇ॥

-ਸੋਰ ੪, ਵਾਰ ੧ਸ, ੪,੧:੨ (642)

*ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ **ਦੰਤੁ** ਲੇਈ॥

-ਆਸਾ ੧,੩੫,੧:੨ (359)

ਦੰਦਖੰਡ- ਹਾਥੀ ਦੰਦ ਦਾ ਟੁਕੜਾ, ਦੰਦ ਖੰਡ ਦਾ ਚੂੜਾ, ਜਿਹੜਾ ਕੁੜੀ ਵਿਆਹ ਵੇਲੇ ਪਾਉਂਦੀ ਹੈ।

*ਹੀਡੋਲੀ ਚੜਿ ਆਈਆ **ਦੰਦ ਖੰਡ** ਕੀਤੈ ਰਾਸਿ॥

-ਆਸਾ ੧, ਅਸ੧੧,੨:੨ (417)

ਦਧਿ- ਦਹੀਂ, ਇਕ ਖਾਣ ਦਾ ਪਦਾਰਥ

*ਦਧਿ ਕੈ ਭੋਲੈ ਬਿਰੋਲੈ ਨੀਰੁ॥

-ਗਉ ਕਬ, ੧੪, ੧:੨ (326)*

ਦੁਮੜਾ- ਪੈਸੇ, ਸਿੱਕਾ, ਦਰਬ, ਦੌਲਤ, ਧੰਨ ਦੌਲਤ, ਰੁਪਇਆਂ,

*ਘਬੁ **ਦਬੁ** ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ॥

-ਚਉ ੫,੭:੧ (1364)

*ਬਿਨੁ **ਦਮ** ਕੇ ਸਉਦਾ ਨਹੀਂ ਹਾਟ॥

-ਗਉ ੧, ਆਸਾ ੧੨, ੫:੧ (226)

***ਦਮੜਾ** ਪਲੈ ਨਾ ਪਵੈ ਨਾ ਕੋ ਦੇਵੈ ਧੀਰ॥

-ਸਿਰੀ ੫, ੨੬, ੨:੨ (70)

*ਮਾਇਆ ਮਨਹੁ ਨ ਵੀਸਰੈ ਮਾਂਗੈ **ਦੰਮਾ** ਦੰਮ॥

-ਮਾਰੂ ੩, ਵਾਰ ੨੧ਸ, ੫,੧:੧ (1093)

ਦਮਾਮਾ- (ਫਾ.ਦਮਾਮਾ) ਧੌਂਸਾ, ਨਗਾਰਾ

*ਗਗਨ **ਦਮਾਮਾ** ਬਾਜਿਓ ਪਰਿਓ ਨੀਸਾਨੈ ਘਾਓ॥

-ਮਾਰੂ ਕਬ, ੧੦, ੧:੧ (1105)

ਦਰ- (ਫਾ.ਦਰ) ਦਰਵਾਜ਼ਾ, ਬੂਹਾ

***ਦਰ** ਘਰ ਮਹਲਾ ਸੋਹਣੇ ਪਕੇ ਕੋਟ ਹਜ਼ਾਰ॥

-ਸਿਰੀ ੧, ਅਸ ੧੬, ੩:੧ (63)

ਦਰਜੀ- (ਫਾ.ਦਰਜੀ) ਕੱਪੜੇ ਸਿਉਣ ਵਾਲਾ,

*ਲੋਹਾ ਵੱਢੇ **ਦਰਜੀ** ਪਾੜੇ ਸੂਈ ਧਾਗਾ ਸੀਵੈ॥

-ਰਾਮ ੩, ਵਾਰ ੧੯ਸ, ੧,੧:੩ (955)

ਦਰਪਨ- ਸ਼ੀਸ਼ਾ, ਆਇਨਾ, ਮੂੰਹ ਵੇਖਣ ਵਾਲੀ ਵਸਤੂ,

*ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ **ਦਰਪਨ** ਨਿਆਈ॥

-ਸੋਰ ੯,੫,੩:੨ (632)

ਦਰਬ- ਧਨ, ਦੌਲਤ, ਸਿੱਕਾ

*ਕਈ ਕੋਟਿ ਪਰ **ਦਰਬ** ਕਉ ਹਿਰਹਿ॥

–ਗਉ ੫, ਸੁਖ ੧੦, ੨:੫ (275)

*ਰਾਜ ਮਿਲਖ ਨਹੀਂ ਆਪਨ **ਦਰਬਾ**॥

–ਗਉ ੫, ੧੦੬,੧:੨ (187)

***ਦਰਬਿ** ਭਰੇ ਭੰਡਾਰ ਰੀਤੇ ਇਕਿ ਖਣੇ॥

–ਮਾਲ ੧, ਵਾਰ ੮:੪ (141)

*ਬਹੁਤ **ਦਰਬੁ** ਕਰਿ ਮਨ ਨ ਅਘਾਨਾ॥

–ਗਉ ੫,੮੦,੧:੧ (179)

*ਜਾ ਸਭ ਕਿਛੁ ਤਿਸ ਕਾ ਦੀਆ **ਦਰਬੈ**॥

–ਗਉ ੫,ਸੁਖ ੧੫, ੨:੪ (282)

ਦਰਵਾਨੁ- (ਫਾ. ਦਰਬਾਨ) ਦਰਬਾਨ, ਬੂਹੇ ਤੇ ਖੜੋਤਾ ਚੌਕੀਦਾਰ ਜੋ ਪਹਿਰਾ ਦੇਂਦਾ ਹੈ।

*ਦਰਿ ਸੇਵਕੁ **ਦਰਵਾਨੁ** ਦਰਦੁ ਤੂੰ ਜਾਣਹੀ॥

–ਆਸਾ ੧, ਅਸ ੧੨, ੩:੧ (422)

ਦਰਵੇਸ- (ਫਾ.ਦਰਵੇਸ਼) ਫ਼ਕੀਰ, ਮੰਗਤਾ, ਸਾਈਂ, ਮੁਸਲਮਾਨ ਫ਼ਕੀਰ, ਸਾਧੂ ਬਿਰਤੀ

*ਸੇਖ ਮਸਾਇਕ ਕਾਜੀ ਮੁਲਾ ਦਰਿ **ਦਰਵੇਸ** ਰਸੀਦ॥

–ਸਿਰੀ ੧, ਅਸ੧,੩:੨ (53)

ਦਰਿਆਉ- (ਫਾ.ਦਰਯਾ-ਸਮੁੰਦਰ), ਦਰਿਆ, ਵੱਡੀ ਨਦੀ

*ਵਧਿ ਥੀਵਹਿ **ਦਰਿਆਉ** ਟੁਟਿ ਨ ਥੀਵਹਿ ਵਾਹੜਾ॥

–ਸਲੋ ਫਰ, ੧੧੭:੨ (1384)

*ਤੁਹੀ **ਦਰੀਆ** ਤੁਹੀ ਕਰੀਆ ਤੁਝੈ ਤੇ ਨਿਸਤਾਰ॥

–ਗਉ ਕਬ, ਅਸ ੬੯,੧:੨ (338)

*ਤਿਸ ਤੇ ਹੋਏ ਲਖ ਦਰੀਆਉ॥

–ਜਪੁ ੧,੧੬, ੨੧ (3)

*ਕਿਤੀ ਇਤੁ **ਦਰੀਆਇ** ਵੰਞਨਿ੍ ਵਹਦਿਆ॥

–ਆਸਾ ੫, ੧੧੦, ੧:੨ (398)

*ਤਿਨਾ **ਦਰੀਆਵਾ** ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

-ਮਾਝ ੧, ਵਾਰ ੧੮ਸ,੨,੧:੫ (146)

*ਫਰੀਦਾ **ਦਰੀਆਵੈ** ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।

-ਸਲੋ ਫਰ, ੯੯:੧ (1383)

ਦਰੁ- (ਫਾ:ਦਰ) ਦਰਵਾਜ਼ਾ, ਦੁਆਰ, ਬੂਹਾ
*ਸੋ **ਦਰੁ** ਕੇਹਾ ਸੋ ਘਰੁ ਕੇਹਾ ਜਿਤ ਬਹਿ ਸਰਬ ਸਮਾਲੇ॥

-ਜਪ ੧,੨੭,੧ (6)

ਦਲਾਲ- (ਅਰ.ਦਲਾਲ) ਜਿਸ ਦੇ ਰਾਹੀਂ ਸੌਦਾ ਹੋਵੇ, ਵਿਚੋਲਾ, ਵਿਚ ਪੈ ਕੇ ਸੌਦਾ ਕਰਵਾਉਣ ਵਾਲਾ
*ਵਢਿਅਹਿ ਹਥ **ਦਲਾਲ** ਕੇ ਮੁਸਫੀ ਏਹ ਕਰੇਇ॥

-ਆਸਾ ੧, ਵਾਰ ੧੭ਸ, ੧,੧:੩ (472)

*ਧਰਮ **ਦਲਾਲੁ** ਪਾਏ ਨੀਸਾਣੁ॥

-ਸੂਹੀ ੩, ਵਾਰ ੧੩ਸ, ੧,੧:੫ (789)

ਦਾਈ- (ਫਾ.ਦਾਈ, ਦਯਾ) ਬੱਚੇ ਨੂੰ ਖਿਡਾਉਣ ਤੇ ਪਾਲਣ ਵਾਲੀ ਇਸਤਰੀ
*ਦਿਵਸੁ ਰਾਤਿ ਦੁਇ **ਦਾਈ** ਦਾਇਆ ਖੇਲੈ ਸਗਲ ਜਗਤੁ॥

-ਜਪੁ ੧, ੩੮ਸ :੨ (8)

ਦਾਗ- (ਫਾ.ਦਾਗ) ਨਿਸ਼ਾਨ, ਧੱਬਾ,
*ਸਭਾ ਕਾਲਖ ਦਾਗਾ **ਦਾਗ**॥

-ਧਨਾ ੧,੫,੩:੨ (662)

*ਮੈਲਾ ਕਦੇ ਨ ਹੋਵਈ ਨਹ ਲਾਗੈ **ਦਾਗਾ**॥

-ਬਿਲਾ ੫, ੩੩, ੧:੨ (808)

*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ **ਦਾਗੁ**।

-ਸਲੋ ਕਬ, ੧੩੧:੨ (1371)

ਦਾਤ- ਵੱਡੀ ਦਾਤਰੀ, ਖੇਤ ਵਿਚੋਂ ਅਨਾਜ ਵੱਢਣ ਵਾਲਾ ਦੰਦੇਦਾਰ ਸੰਦ
*ਲੈ ਲੈ **ਦਾਤ** ਪਹੁਤਿਆ ਜਾਵੇ ਕਰਿ ਤਈਆਰੁ॥

-ਸਿਰੀ ੫, ੭੪,੨:੨ (43)

ਦਾਨਵ- (ਸੰ.ਦਾਨਯ), ਦੈਂਤ, ਰਾਕਸ਼
*ਆਖਹਿ **ਦਾਨਵ** ਆਖਹਿ ਦੇਵ॥

-ਜਪੁ ੧, ੨੬:੧੭ (6)

*ਨ ਦੇਵ ਦਾਨਵਾ ਨਰਾ॥

-ਮਾਝ ੧,ਵਾਰ ੧੩ਸ, ੧,੨:੧ (143)

ਦਾਮ- (ਅ.ਦਾਮ) ਕੌਡੀ, ਪੈਸੇ, ਧੰਨ ਦੌਲਤ
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ **ਦਾਮ**॥

-ਮਾਝ ੫, ਬਾਰਾ ੧:੪ (133)

*ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ **ਦਾਮਾ**॥

-ਗੂਜ ੫,੮,੩:੧ (497)

*ਕਾਮਿ **ਦਾਮਿ** ਚਿਤੁ ਪਰ ਵਸਿ ਸੇਈ॥

-ਗਉ ੧, ਅਸ ੧੧, ੬:੨ (226)

*ਫਿਰਹਿ ਗੁਮਾਨੀ ਜਗ ਮਹਿ ਕਿਆ ਗਰਬਹਿ **ਦਾਮੀ**॥

-ਮਾਰੂ ੫,ਵਾਰ ੧੪:੪ (1099)

*ਏਕਹਿ ਸੁਪਨੈ **ਦਾਮੁ** ਨਾ ਛਡਹੈ॥

-ਮਾਰੂ ੫, ੧੮, ੨:੨ (1004)

ਦਾਰੂ- (ਫਾ.ਦਾਰੂ) ਔਖਧੀ, ਦਵਾਈ, ਇਲਾਜ
*ਰੋਗੁ **ਦਾਰੂ** ਦੋਵੈ ਬੁਝੈ ਤਾ ਵੈਦੁ ਸੁਜਾਣੁ॥

-ਮਾਝ ੧, ਵਾਰ ੨੨ਸ, ੨,੨:੨ (148)

ਦਾੜਾ- ਸੂਰ ਦੇ ਬਾਹਰ ਨਿਕਲੇ ਦੰਦ, ਹੁੱਡ, ਅੱਗੇ ਵਧ ਹੋਏ ਦੰਦ
***ਦਾੜਾ** ਅਗ੍ਰੇ ਪ੍ਰਿਥਮਿ ਧਰਾਇਣ॥

-ਮਾਰੂ ੫, ਸੋਲਾ ੧੧,੩:੨ (1082)

ਦਿਸਾਖ- ਭੈਰੋ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ,
*ਪੰਚਮ ਹਰਖ **ਦਿਸਾਖ** ਸੁਨਾਵਹਿ॥

-ਰਾਗ ੧:੯ (1429)

ਦਿਗੰਬਰ- ਜੈਨੀ ਸਾਧੂਆਂ ਦਾ ਇਕ ਫ਼ਿਰਕਾਂ, ਨਾਂਗੇ, ਨੰਗਾ ਰਹਿਣ ਵਾਲਾ ਸਾਧੂ,
*ਜੋਗੀ **ਦਿਗੰਬਰ** ਸੰਨਿਆਸੀ ਖਟੁ ਦਰਸ਼ਨ ਕਰਿ ਗਏ ਗੋਸਟਿ ਢੋਆ॥

-ਤੁਖਾ ੪,ਛੰਤ ੪, ੩:੫ (1116)

*ਮੁਨਿ ਜੋਗੀ **ਦਿਗੰਬਰਾ** ਜਮੈ ਸਣੁ ਜਾਸੀ॥

-ਮਾਝ ੫, ਵਾਰ ੧੮:੬ (1100)

*ਦਇਆ **ਦਿਗੰਬਰ** ਦੇਹ ਬੀਚਾਰੀ॥

-ਆਸਾ ੧, ੨੫, ੩:੧ (356)

ਦਿਨਕਰੋ- (ਸੰ.ਦਿਨਕਰ) ਆਫ਼ਤਾਬ, ਸੂਰਜ

*ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ **ਦਿਨਕਰੋ** ਅਨਦਿਨੁ ਖਾਤ॥

-ਆਸਾ ੫,ਛੰਤ ੧੪, ੧:੨ (461)

*ਚਕਵੀ ਸੂਰ ਸਨੇਹ ਚਿਤਵੈ ਆਸ ਘਣੀ ਕਦਿ **ਦਿਨੀਅਰੁ** ਦੇਖੀਐ॥

-ਆਸਾ ੫,ਛੰਤ ੪,੩:੧ (455)

ਦਿਰਾਨੀ- ਪਤੀ ਦੀ ਛੋਟੀ ਭਰਜਾਈ, ਦੇਵਰਾਨੀ, ਦੇਵਰ ਦੀ ਪਤਨੀ

*ਸੁਨਹੁ ਜਿਠਾਨੀ ਸੁਨਹੁ **ਦਿਰਾਨੀ** ਅਚਰਜੁ ਏਕੁ ਭਇਓ॥

-ਬਿਲਾ ਕਬ, ੪,੨,੧ (856)

***ਦਿਲਾਵਰ-** (ਫ਼ਾ.ਦਿਲਾਵਰ) ਬਹਾਦਰ, ਸੂਰਮਾ, ਦਲੇਰ, ਉਦਾਰਚਿੱਤ

*ਦਸਤਗੀਰੀ ਦੇਹਿ **ਦਿਲਾਵਰ** ਤੂਹੀ ਤੂਹੀ ਏਕ॥

-ਤਿਲੰ ੫,੫, ੨:੧ (724)

ਦਿਵਾਨਾ- (ਫ਼ਾ.ਦੀਵਾਨਾ) ਮਸਤ, ਝੱਲਾ, ਬਉਰਾ, ਸ਼ੁਦਾਈ, ਪਾਗਲ

*ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ **ਦਿਵਾਨਾ**॥

-ਧਨਾ ੯,੨,੧:੨ (685)

*ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ **ਦਿਵਾਨੁ**॥

-ਸਿਰੀ ੩,੬੩, ੩:੩ (39)

*ਭਰਮ ਭੁਲਾਨੇ ਭਏ **ਦਿਵਾਨੇ** ਵਿਣੁ ਭਾਗਾ ਕਿਆ ਪਾਈਐ॥

-ਰਾਮ ੧,ਓਅੰ ੪੧:੪ (935)

ਦੀਅਰਾ- ਦੀਵਾ, ਮਿੱਟੀ ਦਾ ਨੋਕਦਾਰ ਮੂੰਹ ਵਾਲਾ ਛੋਟਾ ਪਿਆਲਾ ਜਿਸ ਵਿਚ ਤੇਲ ਅਤੇ ਬੱਤੀ ਪਾ ਕੇ ਬੱਤੀ ਦਾ ਸਿਰਾ ਚਾਨਣ ਕਰਨ ਲਈ ਬਾਲਦੇ ਹਨ।

*ਉਤਮ **ਦੀਅਰਾ** ਨਿਰਮਲ ਬਾਤੀ॥

-ਧਨਾ ਸੈਣ, ੧,੨:੧ (695)

*ਰਵਿ ਸਸਿ **ਦੀਪ** ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥

-ਸਿਰੀ ੧, ਅਸ ੭,੨:੨ (57)

*ਗਗਨ ਮੈ ਥਾਲੁ ਰਵਿ ਚੰਦੁ **ਦੀਪਕ** ਬਨੇ ਤਾਰਿਕਾ ਮੰਡਲ ਜਨਕ ਮੋਤੀ॥

-ਧਨਾ ੧, ਸੋਹ ੩,੧:੧ (172)

*ਜਿਉ ਅੰਧੇਰੈ **ਦੀਪਕੁ** ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ।

-ਸਿਰੀ ੩, ੬੪,੨:੪ (39)

ਦੀਪਕੋ- ਇਕ ਰਾਗ ਜਿਸ ਬਾਰੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਇਸ ਦੇ ਗਾਉਣ ਨਾਲ ਅੱਗ ਲੱਗ ਜਾਂਦੀ ਹੈ।

*ਪੁਨਿ ਆਈ **ਦੀਪਕੋ** ਕੀ ਬਾਰੀ॥

-ਰਾਗ ੧:੩੪ (1430)

ਦੀਪਾ- ਦੀਵਾ, ਦੀਪਕ, ਵੇਖੋ 'ਦੀਅਰਾ'

*ਸਤਿਗੁਰ ਸ਼ਬਦਿ ਉਜਾਰੋ **ਦੀਪਾ**॥

-ਬਿਲਾ ੫, ੮੭,੧:੧ (821)

***ਦੀਪਾਂ** ਲੋਆਂ ਮੰਡਲਾਂ ਖੰਡਾਂ ਵਰਭੰਡਾਹ॥

-ਆਸਾ ੧, ਵਾਰ ੯ਸ, ੧,੧:੨ (467)

*ਕਾਹੇ ਕੀ ਕੁਸਲਾਤ ਹਾਥਿ **ਦੀਪੁ** ਕੂਏ ਪਰੈ॥

-ਸਲੋ ਕਬ, ੨੧੬:੨ (1376)

ਦੀਬਾਣੁ- (ਫਾ.ਦੀਵਾਨ) ਕਚਹਿਰੀ, ਦਰਬਾਰ

*ਜੋ ਮਿਲਿਆ ਹਰਿ **ਦੀਬਾਣੁ** ਸਿਉ ਜੋ ਸਬਨੀ ਦੀਬਾਣੀ ਮਿਲਿਆ॥

-ਸਿਰ ੪,ਵਾਰ੧੧:੧ (87)

*ਮਾਣਸਾ ਕਿਅਹੁ **ਦੀਬਾਣਹੁ** ਕੋਈ ਨਸਿ ਭਜਿ ਨਿਕਲੈ ਹਰਿ ਦੀ ਬਾਣਹੁ ਕੋਈ ਕਿਥੈ ਜਾਇਆ॥

-ਵਡ ੪, ਵਾਰ ੧੪:੩ (591)

*ਗੁਰਿ **ਦੀਬਾਣਿ** ਕਵਾਇ ਪੈਨਾਈਓ॥

-ਸਿਰੀ ੫, ਅਸ ੨੯,੪:੨ (73)

*ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ **ਦੀਬਾਣੋ**॥

-ਰਾਮ ੫,ਛੰਤ ੧, ੩:੬ (924)

ਦੀਵਟੀ- ਦੀਵੇ ਦੀ ਵੱਟੀ, ਬੱਤੀ ਰੂੰ ਦੀ ਬਣੀ ਹੋਈ, ਦਵਾਖੀ, ਦੀਵਾ,

*ਜੋਤਿ **ਦੀਵਟੀ** ਘਟ ਮਹਿ ਜੋਇ॥

-ਗਉ ਕਬ, ਵਾਰ ੭:੨ (344)

*ਜਉ ਤੁਮ **ਦੀਵਰਾ** ਤਉ ਹਮ ਬਾਤੀ॥

-ਸੋਰ ਰਵਿ, ੫,੨:੧ (658)

*ਬਿਨੁ ਤੇਲ **ਦੀਵਾ** ਕਿਉ ਜਲੈ॥

-ਸਿਰੀ ੧, ੩੩, ੧:੧ (25)*

*ਫਰੀਦਾ ਦੁਹੁ **ਦੀਵੀ** ਬਲੰਦਿਆ ਮਲਕੁ ਬਹਿਠਾ ਆਇ॥

-ਸਲੋ ਫਰ, ੪੮:੧ (1380)

*ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ **ਦੀਵੇ**॥

-ਸਿਰੀ ੪,ਵਾਰ ੩:੧ (83)

*ਜਿਤੁ **ਦੀਵੈ** ਸਭ ਸੋਝੀ ਪਾਇ॥

-ਰਾਮ ੧, ੭,੧:੨ (878)*

ਦੁਆਰ- ਦਰਵਾਜ਼ਾ, ਦਰ, ਬੂਹਾ

*ਚਿਤੇ ਦਿਸਹਿ ਧਉਲਹਰ ਬਗੇ ਬੰਕ **ਦੁਆਰ**॥

-ਸਿਰੀ ੧, ਅਸ੧੫, ੧:੧ (62)

*ਉਸਰਿ ਮੜੋਲੀ ਰਾਖੈ **ਦੁਆਰਾ** ਭੀਤਰਿ ਬੈਠੀ ਸਾਧਨਾ॥

-ਗਉ ੧, ੧੪, ੨:੧ (155)

*ਭ੍ਰਮਿ ਭ੍ਰਮਿ ਆਏ ਤੁਮਚੇ **ਦੁਆਰਿ**॥

-ਧਨਾ ਨਾਮ, ੪, ੩:੨ (693)

*ਕਰਮੀ ਆਵੈ ਕਪੜਾ ਨਦਰੀ ਮੋਖੁ **ਦੁਆਰੁ**॥

-ਜਪੁ ੧, ੪:੬ (2)

ਦੁਗਾਣਾ- ਦੋ ਗੰਢੇ ਜਾਂ ਅੱਠ ਕੌਡੀਆਂ ਜਾਂ ਇਕ ਦਮੜੀ ਦੀ ਮਾਲੀਅਤ

*ਖੋਟੇ ਕਾ ਮੁਲ ਏਕੁ **ਦੁਗਾਣਾ**॥

-ਧਨਾ ੧, ੬,੨:੨ (662)

ਦੂਧ- ਚਿੱਟੇ ਰੰਗ ਦਾ ਤਰਲ ਪਦਾਰਥ ਜਿਹੜਾ ਮਾਦਾ ਦੇ ਥਣਾਂ ਵਿਚੋਂ ਨਿਕਲਦਾ ਹੈ, ਮਦੀਨ ਦੀਆਂ ਗਿੱਟੀਆਂ ਦਾ ਰਸ, ਦੁਗਧ

*ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ **ਦੂਧ** ਹੋਇ॥

-ਸਿਰੀ ੧, ਅਸ ੧੧, ੪:੧ (160)

ਦੁਮਾਲੜਾ- (ਫਾ.ਦੁੰਬਾਲ) ਸਿਰ ਉਪਰ ਕਲਗੀ ਵਾਂਗੂੰ ਫਰਾਉਣ ਵਾਲੀ ਪਗੜੀ ਦਾ ਲੜ, ਤੁਰਾ, ਸ਼ਮਲਾ, ਪਗੜੀ ਦਾ ਲੰਮਕਿਆ ਹੋਇਆ ਸਿਰਾ

*ਮੈਂ ਗੁਰ ਮਿਲਿ ਉਚ **ਦੁਮਾਲੜਾ**॥

-ਸਿਰੀ ੫, ਅਸ ੨੯,੧੭:੨ (74)

ਦੁਰਗਾ- 'ਦੁਰਗ' ਦੈਂਤ ਨੂੰ ਮਾਰਨ ਵਾਲੀ ਦੇਵੀ

*__ਦੁਰਗਾ__ ਕੋਟਿ ਜਾ ਕੈ ਮਰਦਨੁ ਕਰੈ॥

-ਭੈਰ ਕਬ, ਅਸ ੨, ੧:੩ (1162)

ਦੁਲਹਨੀ- ਲਾੜੀ, ਸੱਜ ਵਿਆਹੀ ਇਸਤਰੀ, ਦੁਲਹਨ

*ਗਾਉ ਗਾਉ ਰੀ **ਦੂਲਹਨੀ** ਮੰਗਲ ਚਾਰਾ॥

-ਆਸਾ ਕਬ, ੨੪, ੧:੧ (482)*

ਦੁਲੀਚਿਆ- (ਫਾ.ਗਲੀਚ) ਗਲੀਚਾ, ਕਾਲੀਨ

*ਲਾਲ ਸੁਪੇਦ **ਦੁਲੀਚਿਆ** ਬਹੁ ਸਭਾ ਬਣਾਈ॥

-ਸਾਰ ੪,ਵਾਰ ੨੪ :੩ (1247)

ਦੂਧ- ਦੁੱਧ,

*ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥

-ਗਉ ੫, ਸੁਖ ੪, ੧:੫ (266)

ਦੂਧਾਧਾਰੀ- ਨਿਰੇ ਦੁੱਧ ਦੇ ਅਹਾਰ ਤੇ ਜੀਉਣ ਵਾਲੇ, ਦੁੱਧ ਪੀ ਕੇ ਗੁਜ਼ਾਰਾ ਕਰਨ ਵਾਲਾ

*ਜਸ ਮਹਿ ਬਕਤੇ **ਦੂਧਾਧਾਰੀ**॥

-ਗੋਂਡ ਕਬ, ੧੧, ੩:੩ (873)

ਦੇਹੁਰਾ- ਦੇਵ ਗ੍ਰਹਿ, ਦੇਵ ਮੰਦਰ, ਮੰਦਰ, ਸ਼ਿਵਾਲੇ

*ਤੀਰਥ ਦੇਵ **ਦੇਹੁਰਾ** ਪੋਥੀ॥

-ਗਉ੫, ਅਸ ੪,੪:੧ (237)

*ਹਿੰਦੂ ਪੂਜੈ **ਦੇਹੁਰਾ** ਮੁਸਲਮਾਣੁ ਮਸੀਤਿ॥

-ਗੋਂਡ ੭,੪:੩ (875)

*ਹਸਤ ਖੇਲਤ ਤੇਰੇ **ਦੇਹੁਰੇ** ਆਇਆ।

-ਭੈਰ ਨਾਮ, ੬, ੨:੨ (1164)

ਦੇਗ- (ਫਾ.ਦੇਗ) ਤਾਂਬੇ ਦਾ ਵੱਡਾ ਪਤੀਲਾ, ਚੌੜੇ ਮੂੰਹ ਵਾਲਾ ਵੱਡਾ ਬਰਤਨ ਜਿਸ ਵਿਚ ਭੋਜਨ ਪਕਾਈਦਾ ਹੈ।

*ਧਰਤੀ **ਦੇਗ** ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥

-ਬਸੰ੧, ਅਸਟ,੨:੨ (1190)

ਦੇਰ- ਦਿਉਰ, ਪਤਨੀ ਦਾ ਛੋਟਾ ਭਰਾ

*ਦੇਰ ਜਿਠਾਣੀ ਮੁਈ ਦੂਖਿ ਸੰਤਾਪਿ॥

-ਆਸਾ ੫,੨,੧:੨ (370)

ਦੇਵ- ਦੇਵਤੇ, ਦੇਵਤੇ ਦੀ ਮੂਰਤੀ, ਫ਼ਰਿਸ਼ਤਾ, ਸੁਰ

*ਆਖਹਿ ਦਾਨਵ ਆਖਿਹ **ਦੇਵ**॥

-ਜਪੁ ੧, ੨੬:੨੭ (6)

*ਨ **ਦੇਵ** ਦਾਨਵਾ ਨਰਾ॥

-ਮਾਝ ੧, ਵਾਰ ੧੩ਸ, ੧੨:੧ (143)

ਦੇਵਕਰੀ- ਹਿੰਡੋਲ ਰਾਗ ਦੀਆਂ ਛੇ ਰਾਗਨੀਆਂ ਵਿਚੋਂ ਇਕ

*ਤੇਲੰਗੀ **ਦੇਵਕਰੀ** ਆਈ॥

-ਰਾਗ ੧, ੨੫ (1430)

ਦੇਵਕੁਲੀ- ਦੇਵ ਕੁਲ ਵਾਲੇ ਭਾਵ ਦੇਵਤੇ

***ਦੇਵਕੁਲੀ** ਲਖਿਮੀ ਕਉ ਕਰਹਿ ਜੈਕਾਰੁ॥

-ਭੈਰ ੩,ਅਸ ੧, ੧੧:੧ (1154)

ਦੇਵਗੰਧਾਰੀ- ਮਾਲਕਉਸ ਦੀ ਪੰਜ ਰਾਗਨੀਆਂ ਵਿਚੋਂ ਇਕ

*ਗੋਂਡਕਰੀ ਅਰੁ **ਦੇਵਗੰਧਾਰੀ**॥

-ਰਾਮ ੧, ੧੫ (1430)

ਦੇਵਤਾ- (ਸੰ.ਦੇਵਤਾ), ਬੈਕੁੰਠ ਨਿਵਾਸੀ, ਉਤਮ ਪੁਰਸ਼, ਸਵਰਗ ਨਿਵਾਸੀ, ਸੁਰ, ਫਰਿਸ਼ਤਾ

*ਪਰੇਤਹੁ ਕੀਤੋਨੁ **ਦੇਵਤਾ** ਤਿਨਿ ਕਰਣੈਹਾਰੇ॥

-ਗਉ ੫, ਵਾਰ ੨੦,੫,੨:੧ (323)

*ਮਾਣਸ ਤੇ **ਦੇਵਤੇ** ਭਏ ਧਿਆਇਆ ਨਾਮੁ ਹਰੇ॥

-ਸਿਰੀ੪, ਵਾਰ ੧੯ਸ, ੩,੨:੨ (90)

*ਸਿਮਰਹਿ **ਦੇਵਤੇ** ਕੋੜਿ ਤੇਤੀਸਾ॥

-ਮਾਰੂ ੫, ਸੋਲਾ ੮,੩:੨ (1079)

ਦੇਵਰ- ਪਤੀ ਦਾ ਛੋਟਾ ਭਰਾ
*ਮਤੀ ਦੇਵੀ ਦੇਵਰ ਜੇਸਟ॥
-ਆਸਾ ੫,੩,੪:੨ (371)

ਦੇਵਲ- ਦੇਵ ਮੰਦਰ, ਮੰਦਰ, ਸ਼ਿਵਾਲਾ, ਨਿਵਾਸ, ਸਥਾਨ
*ਕਾਯਉ ਦੇਵਾ ਕਾਇਅਉ ਦੇਵਲ ਕਾਇਆਉ ਜੰਗਮ ਜਾਤੀ॥
-ਸਿਰੀ ਪੀਪਾ, ੧,੧:੧ (695)

ਦੇਵਾ- ਦੇਵਤਾ
*ਦੇਵੀ **ਦੇਵਾ** ਮੂਲੁ ਹੈ ਮਾਇਆ॥
-ਮਾਝ ੩, ੩੩, ੨:੧ (129)

*ਉਹਿ ਪਰਮ ਪੁਰਖ **ਦੇਵਾ**ਧਿ ਦੇਵ॥
-ਬਸੰਤ ਕਬ, ੪,੫:੧ (1194)

ਦੇਵਾਨਾ- ਪਾਗਲ, ਸ਼ੁਦਾਈ, ਕਮਲੀ, ਮੂਰਖ, ਝੱਲਾ
*ਸੋ ਕਹੀਐ **ਦੇਵਾਨਾ** ਆਪੁ ਨ ਪਛਾਣਈ॥
-ਮਾਝ ੧,ਵਾਰ ੬:੨ (142)

*ਦੂਜੇ ਭਾਇ ਫਿਰੈ **ਦੇਵਾਨੀ**॥
-ਮਾਰੂ ੩, ਸੋਲਾ ੪, ੧੨:੧ (1047)

*ਜੀਵਤ ਛਾਡਿ ਜਾਹਿ **ਦੇਵਾਨੇ**॥
-ਗਉ ੫, ੧੬੬, ੧:੧ (199)

ਦੇਵਾਲਿਆ- ਮੰਦਰ, ਪੂਜ ਸਥਾਨ,
*ਤਟ ਤੀਰਥ ਦੇਵ **ਦੇਵਾਲਿਆ** ਕੇਦਾਰੁ ਮਥੁਰਾ ਕਾਸੀ॥
-ਮਾਰੂ ੫,ਵਾਰ ੧੮:੧ (1100)

ਦੇਵੀ- ਦੇਵਤਾ ਦੀ ਇਸਤ੍ਰੀ ਭਾਵ ਦੁਰਗਾ
*ਗਾਵਹਿ ਈਸਰੁ ਬਰਮਾ **ਦੇਵੀ** ਸੋਹਨਿ ਸਦਾ ਸਵਾਰੇ।
-ਜਪ ੧, ੨੭:੬ (6)

***ਦੇਵੀਆ** ਨਹੀ ਜਾਨੈ ਮਰਮ॥
-ਰਾਮ ੫, ੩੬, ੨:੩ (894)

ਦੈਂਤ- ਦੈਂਤ, ਰਾਕਸ਼, ਦਿਉ
***ਦੈਤ** ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ।
-ਸਿਰੀ ੩,ਅਸ ੨੨, ੪:੧ (67)

*ਦੈਤਾ ਮਾਰੇ ਧਾਇ ਹੁਕਮਿ ਸਬਾਇਆ॥

-ਮਲਾ ੧, ਵਾਰ ੩:੪ (1279)

ਦੋਜ- (ਫਾ.ਦੋਜਖ) ਨਰਕ, ਦੋਜ਼ਖ, ਜਹਨਮ, ਉਹ ਥਾਂ ਜਿਥੇ ਪਾਪੀ ਲੋਕ ਮਰਨ ਪਿੱਛੋਂ ਜਾਂਦੇ ਹਨ

*ਪੀਰੁ ਪਛਾਣੇ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ॥

-ਮਾਰੂ ੫, ਸੋਲਾ ੧੨, ੧੧:੩ (1084)

ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ॥

-ਗਉ ੫, ਵਾਰ ੧੯ਸ,੫,੨:੨ (322)

*ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ॥

-ਗਉ ੫, ਵਾਰ ੮ਸ, ੫,੨:੨ (319)

*ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥

-ਸਿਰੀ ੧,੨੭, ੧:੨ (24)

ਦੋਲ- (ਸੰ.ਦੋਲ) ਝੂਲਾ, ਪੰਘੂਰਾ

*ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ॥

-ਸਮੁ ੫, ੪:੨ (1387)

ਦੋਲਕ- (ਫਾ. ਦੁਹਲਕ) ਢੋਲ, ਛੋਟੀ ਢੋਲਕ,

*ਦੋਲਕ ਦੁਨੀਆ ਵਾਜਹਿ ਵਾਜ॥

-ਆਸਾ ੨, ੪, ੧:੨ (349)

ਦੋਲੀਚੇ- (ਫਾ.ਦੋਲਚਾ) ਗਲੀਚੇ, ਕਾਲੀਨ, ਦੁਲੀਚਾ

*ਤਖਤੁ ਸਭਾ ਮੰਡਨ ਦੋਲੀਚੇ॥

-ਗਉ ੫, ੮੧, ੩:੧ (179)

ਦ੍ਰਬੁ- (ਸੰ.ਦਰਬ) ਦੌਲਤ, ਧਨ ਰੁਪਿਆ, ਮਾਲਮਤਾ

*ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥

-ਗੋਂਡ ਕਬ ੫, ੬, ੧:੧ (871)*

ਦ੍ਵਾਰਿ- (ਅ.ਦੁਵਾਰ, ਦਵਾਰ) ਦੁਆਰਾ, ਦਰਗਾਹ, ਬੂਹਾ ਦੀ ਚੁਗਾਠ

*ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ॥

-ਸਵ ੪, ਨਲ ੧੩:੪ (1400)

ਧਉਲ- ਚਿੱਟਾ ਬਲਦ, ਚਿੱਟੇ ਮਹਿਲ, ਰਾਜ ਭਵਨ,

*ਹੁਕਮੇ ਧਰਤੀ **ਧਉਲ** ਸਿਰਿ ਭਾਰੰ॥

-ਮਾਰੂ ੧, ਸੋਲਾ ੧੬, ੧੧:੧ (1037)

*ਚਿਤ੍ਰੇ ਦਿਸਹਿ **ਧਉਲਹਰ** ਬਗੇ ਬੰਕ ਦੁਆਰ॥

-ਸਿਰੀ ੧, ਅਸ ੧੫, ੧:੧ (62)

*ਫਰੀਦਾ ਕਾਲੀ ਜਿਨੀ ਨ ਰਾਵਿਆ **ਧਉਲੀ** ਰਾਵੈ ਕੋਇ॥

-ਸਲੋ ਫਰ, ੧੨:੨ (1378)

*ਪੰਡੁਰ ਕੇਸ ਕੁਸਮ ਤੇ **ਧਉਲੇ** ਸਪਤ ਪਾਤਾਲ ਕੀ ਬਾਣੀ॥

-ਸਿਰੀ ਬੇਣੀ ੧, ੪:੨ (93)

ਧਜ- ਲੀਰ

*ਫਰੀਦਾ ਪਾੜਿ ਪਟੋਲਾ **ਧਜ** ਕਰੀ ਕੰਬਲੜੀ ਪਹਿਰੇਉ॥

-ਸਲੋ ਫਰ, ੧੦੩:੧ (1383)

ਧਜਾ- ਝੰਡਾ, ਧੁਜਾ, ਨਿਸ਼ਾਨ

ਕਬੀਰ ਹੈ ਗਇ ਬਾਹਨ ਸਘਨ ਘਨ ਲਾਖ **ਧਜਾ** ਫਰਰਾਹਿ॥

-ਸਲੋ ਕਬ, ੧੧੨:੧ (1370)

*ਜਿਸੁ ਧੀਰਜੁ ਧੁਰਿ ਧਵਲੁ **ਧੁਜਾ** ਸੇਤਿ ਬੈਕੁੰਠ ਬੀਣਾ॥

-ਸਵਤ੍ਰ, ੭:੨ (1393)

ਧਣਖੁ- ਕਮਾਣ, ਧਨਸ਼

***ਧਣਖੁ** ਚੜਾਇਓ ਸਤ ਦਾ ਜਸ ਹੰਦਾ ਬਾਣੁ॥

-ਰਾਮ ਬਸ, ਵਾਰ ੬:੭ (968)

*ਤਿਤਿ ਬਿਨੁ ਬਾਣੈ **ਧਨਖੁ** ਚਢਾਈਐ ਇਹੁ ਜਗੁ ਬੇਧਿਆ ਭਾਈ॥

-ਗਉ ਕਬ, ੪੬, ੩:੧ (333)

ਧਨਾਸਰੀ- ਦਿਨ ਦੇ ਤੀਜੇ ਪਹਿਰ ਗਾਈ ਜਾਣ ਵਾਲੀ ਕਾਫੀ ਠਾਟ ਦੀ ਸੰਪੂਰਨ ਰਾਗਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੋਰਠ ਰਾਗ ਉਪਰੰਤ 10ਵੇਂ ਥਾਂ 'ਤੇ ਹੈ।

***ਧਨਾਸਰੀ** ਧਨਵੰਤੀ ਜਾਣੀਐ ਭਾਈ ਜਾ ਸਤਿਗੁਰ ਕੀ ਕਾਰ ਕਮਾਇ॥

-ਸਲੋ ੩, ੫੧:੧ (1419)

ਧਰਚਰੀ- ਇਕ ਕਿਸਮ ਦੇ ਖਾਨਾਬਦੋਸ਼ ਲੋਕ, ਬਿਹੰਗਮ ਲੋਕ, ਜੋ ਇਕ ਥਾਂ ਟਿਕ ਕੇ ਨਹੀਂ ਰਹਿੰਦੇ।

*ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ **ਧਰਚਰੀ**॥

-ਕਾਨ ੫,੫੦,੧:੨ (1308)*

ਧਵਲ- ਚਿੱਟਾ ਬਲਦ, ਪੁਰਾਣਾਂ ਅਨੁਸਾਰ ਉਹ ਬੈਲ ਜਿਸ ਨੇ ਪ੍ਰਿਥਵੀ ਨੂੰ ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ, ਸੁਫੈਦ,

*ਸੁਣਿਐ ਧਰਤਿ ਧਵਲ ਆਕਾਸ॥

-ਜਪੁ ੧,੮:੨ (2)

*ਜਿਸ ਧੀਰਜੁ ਧੁਰਿ **ਧਵਲੁ** ਧੁਜਾ ਸੇਤਿ ਬੈਕੁੰਠ ਬੀਣਾ॥

-ਸਵ ੩, ੭:੨ (1393)

***ਧਵਲੈ** ਉਪਰਿ ਕੇਤਾ ਭਾਰਿ॥

-ਜਪੁ ੧,੧੬:੧੦ (3)

ਧਾਗਾ- ਤਾਗਾ, ਸੂਤਰ ਦੀ ਵੱਟੀ ਹੋਈ ਤਾਰ, ਸੂਤਰੀ, ਡੋਰੀ

*ਸੁਇਨੇ ਕੀ ਸੂਈ ਰੁਪੇ ਕਾ **ਧਾਗਾ**॥

-ਆਸਾ ਨਾਮ, ੩, ੪:੧ (485)

*ਨਾਇ ਵਿਸਰਿਐ ਧ੍ਰਿਗ ਜੀਵਣਾ ਤੂਟੇ ਕਚ **ਧਾਗੇ**॥

-ਗਉ ੪, ਵਾਰ ੧,੧੬:੪ (322)

ਧਾਣਕ- ਇਕ ਨੀਚ ਜਾਤੀ, ਭਿਆਨਕ ਜਿਹੇ ਰੂਪ ਵਿਚ ਧਣਖਧਾਰੀ ਜੀਵਨ ਬਤੀਤ ਕਰਨ ਵਾਲੀ ਇਕ ਕੌਮ

***ਧਾਣਕ** ਰੂਪਿ ਰਹਾ ਕਰਤਾਰ॥

-ਸਿਰੀ ੧, ੨੯,੧:੪ (24)

***ਧਾਤੁਰਬਾਜੀ-** ਠੱਗਬਾਜ਼ੀ, ਛਲ ਕਪਟ ਅਥਵਾ ਨਾਸ ਹੋ ਜਾਣ ਵਾਲੀ ਖੇਡ

***ਧਾਤੁਰਬਾਜੀ** ਪਲਚਿ ਰਹੇ ਨ ਉਰਵਾਰੁ ਨ ਪਾਰੁ॥

-ਸਿਰੀ ੩, ੪੦, ੩:੩ (29)

ਧੁਨਾ- ਧੁਨੀ, ਨਾਦ, ਸੁਰ, ਆਵਾਜ਼, ਤਾਨ, ਸੰਗੀਤ

*ਹਰਿ ਕੀਰਤਨ ਮਹਿ ਉਤਮ ਧੁਨਾ॥

-ਬਸੰ ੫,੮,੪:੩ (1182)

*ਸੱਚੀ ਬਾਣੀ ਸਚੁ ਧੁਨਿ ਸਚੁ ਸ਼ਬਦੁ ਵੀਚਾਰਾ॥

-ਵਡ੩, ਅਸ ੧,੧:੧ (564)

*ਅਨਹਦ **ਧੁਨੀ** ਦਰਿ ਵਜਦੇ ਦਰਿ ਸਚੈ ਸੋਭਾ ਭਾਇ॥

-ਸਿਰੀ ੪, ੭੦, ੩:੩ (42)

*ਜਾਸੁ ਜਪਤ ਸੁਣਿ ਅਨਹਤ ਧੁਨੈ।

-ਗਉ ੧, ਅਸ ੨, ੭:੨ (236)

ਧੂੰਆਂ- ਬਲਦੀ ਅੱਗ ਦੀ ਲਾਟ ਤੋਂ ਉਪਰ ਵਾਰ ਜਾਂ ਧੁਖ ਰਹੀ ਅੱਗ ਵਿਚੋਂ ਉਠ ਰਹੇ ਅਣਬਲੀ ਗੈਸ ਜੋ ਕਾਲੇ ਨੀਲੇ ਤੇ ਸਲੇਟੀ ਰੰਗ ਦੇ ਹੁੰਦੇ ਹਨ, ਧੂਣੀ

*ਬੁਝਿ ਗਈ ਅਗਨਿ ਨ ਨਿਕਸਿਓ **ਧੂੰਆਂ**॥

-ਆਸਾ ਕਬ, ੧੧,੨:੧ (478)

*ਧੂੰਮ ਬਾਦਰ ਸਭਿ ਮਾਇਆ ਸਾਜ॥

-ਬਸੰ ੫, ਅਸ ੨,੨:੨ (1192)

*ਦਇਆ ਫਾਹੁਰੀ ਕਾਇਆ ਕਰਿ ਧੂਈ॥

-ਆਸਾ ਕਬ, ੭,੩:੧ (477)

ਧੂਪ- ਸੁਗੰਧੀ ਵਾਲੀ ਵਸਤੂ, ਧੂਫ, ਸੁਗੰਧ ਵਾਲਾ ਧੂੰਆਂ ਪੈਦਾ ਕਰਨ ਵਾਲਾ ਪਦਾਰਥ

*ਧੂਪ ਦੀਪ ਨਹੀ ਬੇਦਹਿ ਬਾਸਾ॥

-ਗੂਜ ਰਵਿ, ੧,੩:੧ (525)

*ਧੂਪੁ ਮਲ ਆਨਲੋ ਪਵਣੁ ਚਵਰੋ ਕਰੇ ਸਗਲ ਬਨ ਰਾਇ ਫੂਲੰਤ ਜੋਤੀ॥

-ਧਨਾ ੧, ਸੋਹ ੩,੧:੨ (13)

ਧੋਤੀ- ਤੇੜ ਦੀ ਚਾਦਰ, ਲੱਕ ਦੁਆਲੇ ਬੰਨ੍ਹਣ ਵਾਲਾ ਕੱਪੜਾ, ਚਾਦਰਾ

*ਧੋਤੀ ਖੋਲਿ ਵਿਛਾਏ ਹੇਠਿ।

-ਗਉ ੫, ੧੦੭,੧:੧ (201)*

*ਗਜ ਸਾਢੇ ਤੈ ਤੈ **ਧੋਤੀਆ** ਤਿਹਰੇ ਪਾਇਨਿ ਤਗ॥

-ਆਸਾ ਕਬ, ੨,੧:੧ (475)

ਧੋਬੀ- ਕੱਪੜੇ ਧੋਣ ਵਾਲਾ ਆਦਮੀ, ਇਕ ਜਾਤ

*ਧੋਬੀ ਧੋਵੈ ਬਿਰਹਾ ਬਿਰਾਤਾ॥

-ਬਸੰ ਨਾਨ, ੩,੨:੧ (1196)

ਨਉਕਾ- ਬੇੜੀ, ਕਿਸ਼ਤੀ

*ਬੂਡਿ ਮੂਏ **ਨਉਕਾ** ਮਿਲੈ ਕਹੁ ਕਾਹਿ ਚਢਾਵਉ॥

-ਬਿਲਾ ਸਧ, ੧,੩:੨ (858)

ਨਉਬਤਿ- (ਫਾ.ਨੌਬਤ) ਵੱਡਾ ਨਗਾਰਾ ਜੋ ਬਾਦਸ਼ਾਹਾਂ ਦੇ ਦਰਵਾਜ਼ੇ ਤੇ ਵਜਦਾ ਹੈ ਤੇ ਹਕੂਮਤ ਦਾ ਪ੍ਰਤੀਕ ਹੁੰਦਾ ਹੈ।

*ਚਾਰਿ ਦਿਨ ਆਪਨੀ **ਨਉਬਤਿ** ਚਲੇ ਬਜਾਇ॥

-ਕੇਦਾ ਕਬ, ੬,੧:੧ (1124)*

ਨਉਪਰੀ- ਝਾਂਜਰ, ਪਾਜ਼ੇਬ, ਨੱਚਣ ਵਾਲਿਆਂ ਦੇ ਪੈਰਾਂ 'ਚ ਪਾਇਆ ਸ਼ਿੰਗਾਰ,

*ਉਪਜਤਾ ਬਿਕਾਰ ਡੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ,
ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ॥

-ਸਾਰ ੫, ੧੩੯, ੧:੨ (1231)

ਨਉਰੰਗੀ- ਨਵਰੰਗੀ, ਨਵੇਂ ਰੰਗ ਵਾਲੀ।

*ਕ੍ਰੋਧ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ **ਨਉਰੰਗੀ**॥

-ਸਾਰ ੧, ਅਸ ੨,੧:੧ (1232)

ਨਈ- ਨਦੀ, ਆਬਸ਼ਾਰ,

*ਫਰੀਦਾ ਰਬ ਖਜੂਰੀ ਪੱਕੀਆਂ ਮਾਖਿਆ **ਨਈ** ਵਹੰਨਿ॥

-ਸਲੋ ਫਰ, ੮੯:੧ (1382)

ਨਈਬੇਦਹਿ- ਦੇਵਤਾ ਦੇ ਅਰਪਣ ਕੀਤਾ ਜਾਂ ਭੇਟਾ ਕੀਤਾ ਹੋਇਆ ਭੋਜਨ, ਉਹ ਸਮੱਗਰੀ ਜੋ ਦੇਵਤੇ ਜਾਂ ਮੂਰਤੀ ਨੂੰ ਚੜ੍ਹਾਈ ਜਾਵੇ।

*ਧੂਪ ਦੀਪ ਨਈਬੇਦਹਿ ਬਾਸਾ॥

-ਗੂਜ ਰਵਿ, ੧,੩:੧ (525)

*ਕਾਇਆਉ ਧੂਪ ਦੀਪ **ਨਈਬੇਦਾ** ਕਾਇਅਉ ਪੂਜਉ ਪਾਤੀ॥

-ਧਨਾ ਪੀਪੀ, ੧,੧:੨ (695)

ਨਕਟ- ਜਿਸ ਦਾ ਨੱਕ ਕੱਟਿਆ ਹੋਇਆ ਹੋਵੇ, ਨਕ-ਕਟੀ

*ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ **ਨਕਟ** ਦੇ ਮਨੀ॥

-ਆਸਾ ਕਬ,੪,੧:੨ (476)

***ਨਕਟੀ** ਕੋ ਠਨਗਨੁ ਬਾਡਾ ਡੂੰ॥

-ਆਸਾ ਕਬ, ੪, ੧:੧ (476)*

ਨਖਿਅਤ੍ਰ- ਤਾਰੇ, ਤਾਰਾ ਸਮੂਹ ਜੋ 27 ਮੰਨੇ ਜਾਂਦੇ ਹਨ, ਗ੍ਰਹਿ, ਚੰਦਰਮਾ ਦੇ ਰਾਹ ਵਿਚ ਆਉਂਦੇ, ਨਛੱਤਰ

***ਨਖਿਅਤ੍ਰ** ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ॥

-ਆਸਾਪ,ਛੰਤ ੫,੩:੩ (456)

*ਅਨਿਕ ਸੂਰ ਸਸੀਅਰ **ਨਖਿਆਤਿ**॥

-ਸਾਰ ੫, ਅਸ ੨,੪:੩ (1236)

*ਕਈ ਕੋਟਿ ਸਸੀਅਰ ਸੂਰ **ਨਖ੍ਯ੍ਰ**॥

-ਗਉ ੫, ਸੁਖ ੧੦, ੩:੭ (276)

*ਡਰਪੈ ਧਰਤਿ ਅਕਾਸੁ ਨਖ੍ਯ੍ਰਾ ਸਿਰ ਊਪਰਿ ਅਮਰੁ ਕਰਾਰਾ॥

-ਮਾਰੂ ੫, ੧,੧:੧ (998)

*ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਯ੍ਰ ਗਗਨੰ॥

-ਸਸ ੫,੮:੧ (1354)

ਨਗ- (ਫਾ.ਨਗੀਨ) ਨਗੀਨਾ, ਮੋਤੀ ਕੀਮਤੀ ਪੱਥਰ/ਮੋਤੀ ਜੋ ਗਹਿਣਿਆਂ ਵਿਚ ਜੜਿਆ ਜਾਂਦਾ ਹੈ, ਥੇਵਾ

*ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ **ਨਗ** ਹੀਰ ਮਣਿ ਮਿਲਤ ਲਿਵ ਲਾਈਐ॥

-ਸਵ ੪, ਨਲ ੧੫:੨ (1410)

ਨਚਣਾ- ਨਿਰਤ, ਨਾਚ ਕਰਨਾ, ਤਾਲ ਤੇ ਲੈਅ ਅਨੁਸਾਰ ਸਰੀਰ ਦੇ ਅੰਗ ਹਿਲਾਉਣਾ

*ਹੋਰ **ਨਚਣਾ** ਖੁਸ਼ੀਆ ਮਨ ਮਾਹ॥

-ਆਸਾ ੧, ੬,੧:੨ (350)*

*ਨਚਣੁ ਕੁਦਣੁ ਮਨ ਕਾ ਚਾਉ॥

-ਆਸਾ ੧,ਵਾਰ ੫ਸ, ੧,੨:੨੫ (465)

*ਵਾਇਨਿ ਚੇਲੇ ਨਚਨਿ ਗੁਰ॥

-ਆਸਾ ੧, ਵਾਰ ੫ਸ, ੧,੨:੧ (465)

*ਕੇਤੇ ਨਚਹਿ ਮੰਗਤ ਗਿੜਿ ਮੁੜਿ ਪੂਰਹਿ ਤਾਲ॥

-ਆਸਾ ੧, ਵਾਰ ੪ਸ, ੧,੨:੩ (464)

*ਆਵੈ ਜਾਇ ਭਵਾਈਐ ਬਹੁ ਜੋਨੀ **ਨਚਾ**॥

-ਮਾਰੂ ੫, ਵਾਰ ੧੫:੨ (1097)

*ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ॥

-ਮਾਰੂ ੩, ਵਾਰ ੨੨:੬ (1094)

*ਨਿਰਤਿ ਕਰੀ ਇਹੁ ਮਨੁ **ਨਚਾਈ**॥

-ਗੂਜ ੩, ਅਸ ੧,੧:੧ (506)

*ਮਾਇਆ ਮੋਹੁ ਇਸੁ ਮਨਹਿ **ਨਚਾਏ** ਅੰਤਰਿ ਕਪਟੁ ਦੁਖੁ ਪਾਵਣਿਆ॥

-ਮਾਝ੩, ਅਸ੨੧, ੪:੩ (122)

*ਏਕਿ **ਨਚਾਵਹਿ** ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ॥

-ਰਾਮ ੫,੭, ੪:੨ (884)

*ਜਿਉ ਪ੍ਰਭ ਭਾਵੈ ਤਿਵੈ ਨਚਾਵੈ॥

-ਗਉ ੫, ਸੁਖ ੧੧,੭:੮ (278)

*ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ॥

-ਗਉ ੫, ੨੪, ੩:੨ (159)

***ਨਚਿਐ** ਟਪਿਐ ਭਗਤਿ ਨ ਹੋਇ॥

-ਗਉ ੩, ੨੪, ੩:੩ (159)

*ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ॥

-ਮਾਝ੧, ਵਾਰ ੧੦ਸ, ੧,੧:੫ (142)

ਨਟ- ਸੂਤਰ ਧਾਰ, ਨਾਟਕ ਖੇਡਣ ਵਾਲੇ, ਮਦਾਰੀ, ਬਾਜ਼ੀਗਰ

*ਨਟ ਨਾਟਿਕ ਆਖਾਰੇ ਗਾਇਆ॥

-ਗਉ ੫, ੮੧, ੨:੩ (179)

ਨਟ- ਰਾਗ ਮੇਘ ਦੇ ਅੱਠ ਪੁੱਤਰਾਂ ਵਿਚੋਂ ਇਕ ਰਾਗ ਦਾ ਨਾਂ

*ਜਬਲੀਧਰ ਨਟੁ ਅਉ ਜਲਧਾਰਾ॥

-ਰਾਗ ੧:੫੬ (1430)

ਨਥ- ਇਸਤਰੀਆਂ ਦੇ ਨੱਕ ਵਿਚ ਪਾਉਣ ਵਾਲਾ ਵਾਲੀਆਂ ਵਰਗਾ ਇਕ ਗਹਿਣਾ, ਪਸ਼ੂਆਂ ਦੇ ਨੱਕ ਵਿਚ ਪਾਈ ਜਾਣ ਵਾਲੀ ਰੱਸੀ

*ਨਕਿ ਨਥ ਖਸਮ ਹਥ ਕਿਰਤੁ ਧਕੇ ਦਦੇ॥

-ਸੋਰ ੫, ਵਾਰ ੨੮ਸ, ੨,੨:੧ (653)

ਨਥਹਾਰੇ- ਨਕੇਲ ਨੂੰ ਹੱਥ ਵਿਚ ਰਖਨ ਵਾਲਾ, ਉਹ ਆਦਮੀ ਜਿਸ ਦੇ ਹੱਥ ਨਕੇਲ ਹੈ

*ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ ਨਥਹਾਰੇ॥

-ਨਟ੪, ਅਸ ੨,੮:੧ (981)

*ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ॥

-ਸੋਰ ੧,੧, ੩:੨ (595)

*ਏਵਡ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥

–ਮਾਝ ੧, ਵਾਰ ੧੯ਸ, ੧,੧:੪ (147)

*ਸਭ ਕੋ ਨਾਥੈ ਨਥਿਆ ਬਖਸੇ ਤੋਤੇ ਨਥ॥

–ਮਲਾ੧, ਵਾਰ੨੪ਸ, ੧,੧:੭ (1289)

ਨਦੀ– ਜਲਧਾਰਾ, ਦਰਿਆ, ਪਾਣੀ ਦਾ ਚਲਦਾ ਹੋਇਆ ਕੁਦਰਤੀ ਵਹਿਣ, ਕੱਸੀ

*ਗੁਰੂ ਸਮੁੰਦੁ **ਨਦੀ** ਸਭਿ ਸਿਖੀ ਨਾਤੈ ਜਿਤੁ ਵਡਿਆਈ॥

–ਮਾਝ੧, ਵਾਰ੨੬ਸ, ੧,੧:੨੪ (150)

ਨਦੀਚੇ– ਸਮੁੰਦਰ ਜੋ ਨਦੀਆਂ ਦਾ ਸੁਆਮੀ ਹੈ, ਨਦੀਆਂ ਦਾ

*ਅੰਮ੍ਰਿਤ ਸਸੀਆ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ **ਨਦੀਚੇ** ਨਾਥੰ॥

–ਧਨਾ ਤ੍ਰਿਲੋ, ੧,੪:੧ (695)

ਨਨਦ– ਨਨਾਣ, ਪਤੀ ਦੀ ਭੈਣ, ਕੁਮਤਿ

*ਸਖੀ ਸਹੇਲੀ **ਨਨਦ** ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥

–ਆਸਾ ਕਬ, ੧੫, ੧:੨ (482)

ਨਰਜਾ– ਤਰਾਜ਼ੂ, ਤੱਕੜੀ, ਚੀਜ਼ਾਂ ਤੋਲਣ ਦੀ ਇਕ ਵਸਤੂ

*ਬਾਰੰਬਾਰ ਮਾਇਆ ਤੇ ਅਟਕੈਲੈ **ਨਰਜਾ** ਮਨੁ ਤੋਲੈ ਦੇਵ॥

–ਬਿਲਾ ਕਬ, ੧੨, ੧:੨ (857)

ਨਰਦੇਵ– (ਸੰ.ਨਰਦੇਵ) ਸਾਧੂ, ਮਨੁੱਖਾਂ ਵਿਚੋਂ ਦੇਵਤਾ ਰੂਪ

*ਸੁਰ ਪਵਿਤ੍ਰ **ਨਰਦੇਵ** ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ॥

–ਰਾਮ ੫, ੨,੧:੨ (883)

ਨਲਨੀ– (ਸੰ.ਨਲਨੀ) ਨਲਕੀ, ਫਿਰਕੀ, ਤੋਤੇ ਨੂੰ ਫੜਨ ਦਾ ਇਕ ਜੰਤ੍ਰ, ਕਚ ਆਦਿ ਦੀ ਨਲਕੀ,

*ਜਿਉ **ਨਲਨੀ** ਸੁਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ॥

–ਗਉ ਕਬ, ੫,੭,੩:੧ (336)

*ਛੋਛੀ **ਨਲੀ** ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ॥

–ਗਉ ਕਬ, ੫੪, ੪:੧ (335)

ਨਵਗ੍ਰਹ- ਜੋਤਿਸ਼ ਅਨੁਸਾਰ ਨੌਂ ਗ੍ਰਹਿ ਇੰਝ ਹਨ: ਸੂਰਜ (Sun) ਚੰਦਰਮਾ (moon) ਮੰਗਲ (mars) ਬੁਧ (mercury) ਬ੍ਰਿਹਸਪਤੀ (Jupitor) ਸ਼ੁਕਰ (venus) ਸ਼ਨੀ (saptorn) ਰਾਹੂ (zirza) ਤੇ ਕੇਤੂ (gherarajons)

*ਨਵ ਗ੍ਰਹ ਕੋਟਿ ਠਾਢੇ ਦਰਬਾਰ॥

-ਭੈਰ ਕਬ, ਅਸ ੨,੨:੩ (1163)

***ਨਵਰੰਗ**- ਨਵੇਂ ਰੰਗ ਵਾਲਾ, ਨੌਜਵਾਨ

*ਨਵਰੰਗ ਲਾਲੁ ਸੇਜ ਰਾਵਣ ਆਇਆ॥

-ਸੂਹੀ ੫,੪,੪:੩ (737)

ਨਵਰੰਗੜੀਆ- ਨਵੇਂ ਰੰਗ ਵਿਚ ਰੰਗਿਆ, ਨਵੀਂ ਖੇਡ ਖੇਡਣ ਵਾਲਾ

*ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ **ਨਵ ਰੰਗੜੀਆ**॥

-ਵਡ ੪, ਘੋੜੀ ੧,੧:੪ (575)

*ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ॥

-ਜੈਤ ੫, ਛੰਤ ੧,੪:੩ (704)

ਨਾਈ- ਹਜ਼ਾਮਤ ਕਰਨ ਵਾਲਾ, ਨਹੁੰ ਕੱਟਣ ਵਾਲਾ, ਇਕ ਨੀਵੀਂ ਜਾਤੀ

*ਸੈਨੁ **ਨਾਈ** ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥

-ਆਸਾ ਧੰਨਾ, ੨,੩:੧ (487)

ਨਾਚ- ਨ੍ਰਿਤ, ਨੱਚਣਾ, ਨੱਚਣ ਦਾ ਕੰਮ ਜਾਂ ਭਾਵ

*ਏ ਲੰਪਟ, **ਨਾਚ** ਅਧਰੰਮ॥

-ਪ੍ਰਭਾ ਬੇਣੀ, ੧,੩:੪ (1351)

*ਪਗ **ਨਾਚਸਿ** ਚਿਤੁ ਅਕਰੰਮ॥

-ਪ੍ਰਭਾ ਬੇਣੀ ੧, ੩:੩ (1351)

*ਗੁਰ ਕੇ ਭਾਣੈ **ਨਾਚਹਿ** ਤਾ ਸੁਖਿ ਪਾਵਹਿ ਅੰਤੇ ਜਮ ਭਉ ਭਾਗੈ॥

-ਗੂਜ ੩,੧,੧:੨ (506)*

*ਮਨ ਕੇ ਛਾਡਹੁ ਭਰਮ ਪ੍ਰਗਟ ਹੋਇ **ਨਾਚਹੁ** ਇਆ ਮਾਇਆ ਕੇ ਭਾਂਡੇ॥

-ਗਉ ਕਬ, ੬੮,੧:੧ (338)

***ਨਾਚੰਤੀ** ਗੋਪੀ ਜੰਨਾ॥

-ਧਨਾ ਨਾਮ, ੪,੨:੧ (693)

*ਇਸ ਨਾਚਨ ਕੇ ਮਨ ਰਖਵਾਲ॥

-ਗੋਂਡ ਕਬ, ੧੦,੨:੪ (872)

*ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥

-ਗਉ ਕਬ, ੫੭, ੨:੨ (336)

*ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥

-ਤੁਖਾ ੧, ਛੰਤ ੪, ੪:੫ (1112)

*ਨਾਚੁ ਰੇ ਮਨ ਗੁਰ ਕੈ ਆਗੈ॥

-ਗੂਜ ੩, ਅਸ ੧,੧:੧ (506)*

*ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ॥

-ਗੂਜ ੩, ਅਸ ੧,੫:੧ (506)

ਨਾਟਸਾਲਾ- ਨਾਟ ਘਰ, ਜਿਥੇ ਨਾਟਕ ਜਾਂ ਨੱਚਣ ਦਾ ਅਭਿਆਸ ਕੀਤਾ ਜਾਵੇ।

*ਅੰਤਰਿ ਕ੍ਰੋਧ ਪੜਹਿ **ਨਾਟਸਾਲਾ**॥

-ਬਿਲਾ ੧, ਅਸ ੨, ੪:੨ (832)

*ਨਟ **ਨਾਟਿਕ** ਆਖਾਰੇ ਗਾਇਆ॥

-ਗਉ ੫, ੮੧,੨:੩ (179)

*ਸੁਖ ਨਾਹੀ ਪੇਖੈ ਨਿਰਤਿ **ਨਾਟੇ**॥

-ਭੈਰ ੫,੪ ੧,੧:੨ (1147)

ਨਾਠੂੰਗੜਾ- ਉਹ ਗੱਡਾ, ਜਿਸ ਨਾਲ ਬੱਚਾ ਤੁਰਨ ਸਿੱਖਦਾ ਹੈ।

*ਨਾਰਾਇਣ ਲਇਆ **ਨਾਠੂੰਗੜਾ** ਪੈਰ ਕਿਥੈ ਰਖੈ॥

-ਗਉ ੪,ਵਾਰ ੨੮:੧ (315)

ਨਾਥ- ਜੋਗੀਆਂ ਦੇ ਅੰਤ ਦੀ ਉਪਾਧੀ, ਵੱਡੇ ਜੋਗੀ

*ਭੈ ਵਿਚਿ ਸਿਧਿ ਬੁਧ ਸੁਰ ਨਾਥ॥

-ਆਸਾ੧, ਵਾਰ੪ਸ, ੧,੧:੯ (464)

*ਆਨਦ ਮੂਲੁ ਨਾਥੁ ਸਿਰਿ **ਨਾਥਾ** ਸਤਿਗੁਰੁ ਮੇਲਿ ਮਿਲਾਈ॥

-ਗੂਜ੧, ਅਸ ੪,੫:੨ (505)

ਨਾਦ- ਵਾਜੇ, ਸੰਗੀਤ ਦੇ ਸਾਜ਼, ਹਰਮੋਨੀਅਮ, ਸ਼ਬਦ, ਧੁਨ

*ਵਾਜੇ **ਨਾਦ** ਅਨੇਕ ਅਸੰਖਾ ਕੇਤੇ ਵਾਵਣਹਾਰੇ॥

-ਜਪੁ ੧,੨੭:੨ (6)

*ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ **ਨਾਦੁ** ਵਜਾਵਣਿਆ॥

-ਮਾਝ ੩, ਅਸ ੧੧, ੬:੩ (116)

ਨਾਨੀ- ਮਾਂ ਦੀ ਮਾਂ, ਨਾਣੀ

*ਫੁਫੀ **ਨਾਨੀ** ਮਾਸੀਆ ਦੇਰ ਜੇਠਾਨੜੀਆਹ॥

-ਮਾਰੂ ੧, ਅਸ ੧੦,੨:੧ (1015)

***ਨਾਵ-** ਬੇੜੀ, ਨੌਕਾ, ਕਿਸ਼ਤੀ

*ਪਾਵਕੁ ਸਾਗਰੁ ਗਹਰੋ ਚਰਿ ਸੰਤਨ **ਨਾਵ** ਤਰਾਇਓ॥

-ਗਉ ੫, ਅਸ ੧੪,੩:੧ (241)

*ਨਾਵਰੂਪ ਭਇਓ ਸਾਧਸੰਗੁ ਭਵਨਿਧਿ ਪਾਰਿਪਰਾ॥

-ਜੈਤ੫,੬,੨:੧ (701)

*ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ **ਨਾਵਾ**॥

-ਬਸੰ ੧, ੧੦,੩:੧ (1171)

ਨਿਗਹਾਰ- (ਫਾ.ਨਿਗਾਹ+ਹਾਰ), ਨਿਗਰਾਨ, ਰਖਵਾਲਾ, ਜਮਦੂਤ, ਨਿਗਾਹ ਵਿਚ ਰਖਣ ਵਾਲੇ॥

*ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ **ਨਿਗਹਾਰ**॥

-ਮਾਰੂ ੫,੧੪, ੨:੧ (1002)

ਨਿਪੂਤੇ- ਔਂਤਰੇ, ਪੁੱਤਰ ਰਹਿਤ, ਪੋਤਿਆਂ ਤੋਂ ਬਿਨਾਂ

*ਜਬ ਕੀ ਮਾਲਾ ਲਈ **ਨਿਪੂੱਤੇ** ਤਬ ਤੇ ਸੁਖੁ ਨ ਭਇਓ॥

-ਬਿਲਾ ਕਬ, ੪,੧:੨ (856)*

ਨਿਰਗਮ- ਨਿਗਮ, ਵੇਦ ਦਾ ਮੰਤਰ ਭਾਗ

*ਆਗਮ **ਨਿਰਗਮ** ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ॥

-ਆਸਾ ਕਬ, ੫,੨:੧ (476)

ਨਿਰਤਕਾਰੀ- ਨਾਚ, ਨਚਾਰ,

*ਬਿਨੁ ਬਾਜੈ ਕੈਸੋ **ਨਿਰਤਕਾਰੀ**॥

-ਭੈਰ ੫, ੧੯,੧:੧ (1140)

*ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ **ਨਿਰਤਾਏ**॥

-ਭੈਰ ੫, ੧੫,੨:੨ (1139)

*ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸ਼ਬਦੇ ਨਿਰਤਿ ਕਰਾਵਣਿਆ॥
-ਮਾਝ੩, ਅਸ੨੧,੩:੩ (121)

*ਮੇਘ ਸਮੈ ਮੋਰ ਨਿਰਤਿਕਾਰ॥
-ਬਸੰ ੫,੨,੨:੧ (1180)

*ਰਾਮ ਕੋ ਨਿਰਤਿਕਾਰੀ॥
-ਰਾਮ ੫, ੭,੧:੧ (884)*

*ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ॥
-ਆਸਾ ਕਬ, ੧੮,੧:੩ (480)*

*ਬਿਖਯੰਤ ਜੀਵੰ ਵਸੵੰ ਕਰੋਤਿ ਨਿਰੰਤ੍ਯ ਕਰੋਤਿ ਜਥਾ ਮਰਕਟਹ॥
-ਸਸ ੫,੪੭:੨ (1358)

ਨਿਵਲੁ- ਜੰਦਰਾ, ਤਾਲਾ, ਕੁਲਫ਼
*ਗੁਰੁ ਕੁੰਜੀ ਪਾਹੁ **ਨਿਵਲੁ** ਮਨੁ ਕੋਠਾ ਤਨੁ ਛਤਿ॥
-ਸਾਰ੪, ਵਾਰ੧ਸ, ੨,੧:੧ (1237)

ਨਿਵਾਤ- (ਫ਼ਾ.ਨਬਾਤ) ਮਿਸਰੀ
*ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਝਾ ਦੁਧੁ॥
-ਸਲੋ ਫਰ, ੨੭:੧ (1379)

ਨਿਵਾਰ- (ਫ਼ਾ.ਨਵਾਰ) ਮੰਜੀ ਉਨਣ ਲਈ ਸੂਤ ਅਥਵਾ ਕਿਸੇ ਹੋਰ ਧਾਗੇ ਦੀ ਉਨੀ ਹੋਈ ਪੱਟੀ
*ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
-ਮਾਝ੧, ਵਾਰ ੧੮:੭ (141)

ਨੀਸਾਣਿ- ਝੰਡਾ, ਨਿਸ਼ਾਨ
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥
-ਮਾਝ ੧, ਵਾਰ ੧੮:੭ (146)

ਨੀਹਣੋ- ਚਿੱਲਾ, ਬੰਨਣ ਵਾਲੀ ਰੱਸੀ, ਕਮਾਣ ਦੀ ਡੋਰੀ
*ਸਬਰ ਮੰਝ ਕਮਾਣ ਏ ਸਬਰੁ ਕਾ **ਨੀਹਣੋ**॥
-ਸਲੋ ਫਰ, ੧੧੫:੧ (1384)

ਨੀਰਾਰੇ- ਪਾਣੀ, ਜਲ
*ਰਵਿ ਸਸਿ ਪਵਣੁ ਪਾਵਕੁ ਨੀਰਾਰੇ॥
-ਗਉ ੫, ਅਸ ੪,੩:੨ (237)

*ਜਲ ਥਲ **ਨੀਰਿ** ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ॥
-ਮਾਝ ੫, ੩੦, ੨:੩ (103)

*ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ।
-ਸਿਰੀ ੧,੫,੩:੧ (16)

*ਜਿਉ ਮਛੁਲੀ ਬਿਨੁ **ਨੀਰੈ** ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥
-ਸੋਰ ੪, ੮,੧:੨ (607)

*ਮਲੁ ਜੂਈ ਭਰਿਆ **ਨੀਲਾ** ਕਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖਿ ਨੇ ਪਾਇਆ॥
-ਗਉ ੪, ਵਾਰ ੧੨ਸ, ੪,੧:੧ (306)

ਨੀਲਾ- ਨੀਲੇ ਰੰਗ ਦਾ ਕੱਪੜਾ,
*__ਨੀਲ__ ਬਸਤ੍ਰ ਲੇ ਕੱਪੜੇ ਪਹਿਰੇ ਤੁਰਕ ਪਠਾਣੀ ਅਮੁਲ ਕੀਆ।
-ਆਸਾ੧, ਵਾਰ ੧੩ਸ, ੧,੨:੮ (470)

ਨੇਜਾ- (ਫਾ.ਨੇਜਾ) ਬਰਛਾ, ਇਕ ਹਥਿਆਰ, ਲੰਮਾ ਭਾਲਾ
*ਵਾਜਾ **ਨੇਜਾ** ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥
-ਸਿਰੀ ੧,੭,੩:੩ (16)

ਹੈਵਰ ਗੈਵਰ **ਨੇਜੇ** ਵਾਜੇ॥
-ਗਉ ੧, ਅਸ ੧੦, ੫:੧ (225)

ਨੇਤ੍ਰਉ- ਨੇਤ੍ਰਾ, ਮਧਾਣੀ ਨੂੰ ਲਪੇਟੀ ਰਸੀ,
*ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥
-ਸੂਹੀ ੧,੧,੨:੧ (728)

*ਬੈਲ ਕਉ ਨੇਤ੍ਰਾ ਪਾਇ ਦੁਹਾਵੈ॥
-ਗਉ ੫, ੧੬੦, ੨:੧ (198)

*ਮਧਾਣਾ ਪਰਬਤੁ ਕਰਿ **ਨੇਤ੍ਰਿ** ਬਾਸਕੁ ਸ਼ਬਦਿ ਰਿੜਕਿਓਨੁ॥
-ਰਾਮ ਬਸ, ਵਾਰ ੬:੩ (968)

ਜਿਨਿ ਬਾਸਕ ਨੇਤ੍ਰੈ ਘਤਿਆ ਕਹਿ ਨੇਹੀ ਤਾਣੁ॥
-ਰਾਮ ਬਸ, ਵਾਰ ੬:੩ (968)

ਨੇਵਰ- ਝਾਂਜਰਾਂ, ਬਾਂਕਾਂ, ਪੈਰਾਂ ਵਿਚ ਪਈਆਂ ਝਾਂਜਰਾਂ
*ਪਗ **ਨੇਵਰ** ਛਨਕ ਛਨ ਹਰੀ॥
-ਗੋਂਡ ਕਬ, ੮,੩:੨ (872)

ਨੈ- ਨਦੀ (ਭਾਵ ਜਮਨਾ ਨਦੀ), ਦਰਿਆ
*ਗੋਪੀ ਨੈ ਗੋਆਲੀਆ॥

-ਸਿਰੀ੧, ਅਸ ੨੮,੨੨:੧ (73)

ਨੈਣੂ- ਮੱਖਣ
*ਨਾਨਕ ਆਤਸੜੀ ਮੰਝਿ ਨੈਣੂ ਕਿਆ ਢਲਿ ਪਬਣਿ ਜਿਉ ਜੁੰਮਿਓ॥

-ਮਾਰੂ੫, ਵਾਰਪਸ, ੫,੨:੨ (1095)

*ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ॥

-ਸਾਰੂ ੫, ੧੧, ੩:੧ (1205)

ਨੈਵੇਦੁ- ਦੇਵਤੇ ਨੂੰ ਭੇਟਾ ਕੀਤਾ ਭੋਜਨ
*ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥

-ਆਸਾ ਨਾਮ, ੨,੩:੧(485)

ਨ੍ਰਿਪ- ਰਾਜਾ, ਬਾਦਸ਼ਾਹ, ਹੁਕਮਰਾਨ
*ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥

-ਬਿਲਾ ਸਧ, ੧,੧:੧ (858)

*ਭਲਉ ਭੂ ਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥

-ਸਵ ੩, ੨੧,੫ (1396)

ਪਉਲੀ- ਜੁੱਤੀ, ਪੈਰਾਂ ਵਿਚ ਪਾਉਣ ਵਾਲੀ ਵਸਤੂ
*ਤਤ ਸੁਣਿਆ ਸਭਤੁ ਜਗਤ ਵਿਚ ਭਾਈ ਵੇਮੁਖ ਸਣੈ ਨਵੈਰ
ਪਉਲੀ ਪਉਦੀ ਢਾਵਾ ਹੋਇ ਕੈ ਉਠਿ ਘਰਿ ਆਇਆ॥

-ਗਉ੪,ਵਾਰ ੧੨ਸ,੪,੧:੪ (306)

ਪਸ਼ੂਆਰਾ- ਪਸ਼ੂ+ਹਾਰੀ, ਜੀਵ ਮਾਰਨ ਵਾਲਾ, ਇਥੇ ਮੱਛੀਆਂ ਫੜਨਵਾਲਾ, ਮਾਹੀਗੀਰ
*ਜਿਉ ਮੀਨਾ ਹੇਰੈ ਪਸੂਆਰਾ॥

-ਗੋਂਡ ਨਾਮ, ੨,੨:੧ (873)

ਪਹਰੂਆ- ਚੌਕੀਦਾਰ, ਪਹਿਰੇਦਾਰ, ਪਹਰਾ ਦੇਣਵਾਲਾ
*ਊਠਤ ਸੋਵਤ ਹਰਿ ਸੰਗਿ ਪਹਰੂਆ॥

-ਗਉ ੫, ੧੫੪,੧:੧ (196)*

ਪਹਿਰਣੁ- ਜਾਮਾ, ਪੋਸ਼ਾਕ, ਕੱਪੜੇ, ਪਹਿਰਾਵਾ, ਕੁੜਤਾ

*ਨੀਲੀ ਸਿਆਹੀ ਕਦਾ ਕਰਣੀ **ਪਹਿਰਣੁ** ਪੈਰ ਧਿਆਨੁ॥

-ਸਿਰੀ ੧,੭, ੨:੧ (16)

*ਪਹਿਰਾਵਾ ਦੇਖੇ ਊਭਿ ਜਾਹਿ॥

-ਬਸੰ ਰਵਿ, ੧,੧:੨ (1196)

ਪਖਾ- ਪੱਖਾ, ਹਵਾ ਝੁਲਾਉਣ ਦਾ ਯੰਤਰ, ਪੱਖਾ ਆਮ ਤੌਰ ਤੇ ਤਾੜ ਜਾਂ ਖਜੂਰ ਦੇ ਪੱਤਿਆ ਜਾਂ ਪੱਠੇ ਦਾ ਬਣਿਆ ਹੁੰਦਾ ਹੈ।

*ਪੈਰਾ ਧੋਵਾ **ਪਖਾ** ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥

-ਸਿਰੀ ੫, ਅਸ ੨੯,੨੦:੩ (73)

ਪਖਾਵਜ- ਸੰਗੀਤ ਦਾ ਇਕ ਸਾਜ਼, ਜੋੜੀ, ਤਬਲਾ

*ਰਬਾਬ **ਪਖਾਵਜ** ਤਾਲ ਘੁੰਘਰੂ ਅਨਹਦ ਸ਼ਬਦੁ ਵਜਾਵੈ॥

-ਆਸਾ ੫, ੪੩, ੧:੨ (381)*

*ਵਾਜਾ ਮਤਿ **ਪਖਾਵਜੁ** ਭਾਉ॥

-ਆਸਾ ੧,੬,੧:੧ (350)

ਪਗ- ਪਗੜੀ, ਦਸਤਾਰ, ਸਾਫ਼ਾ,

*ਫਰੀਦਾ ਮੈ ਭੋਲਾਵਾ **ਪਗ** ਦਾ ਮਤੁ ਮੈਲੀ ਹੋਇ ਜਾਇ॥

-ਸਲੋ ਫਰ,੨੬:੧ (1379)

*ਖੂਬੁ ਤੇਰੀ **ਪਗਰੀ** ਮੀਠੇ ਤੇਰੇ ਬੋਲ॥

-ਤਿਲਾ ਨਾਮ, ੩, ੧:੧ (727)

ਪੰਜੀਰੁ- ਘੀ ਵਿਚ ਆਟਾ ਭੁੰਨ ਕੇ ਜੀਰਾ ਮਿਲਾ ਕੇ ਬਣਾਇਆ ਖੰਡ ਦਾ ਇਕ ਖਾਸ ਪਦਾਰਥ, **ਪੰਜੀਰੀ** ਵਿਚ ਪੰਜ ਕਿਸਮ ਦੇ ਜ਼ੀਰੇ ਮਿਲਾਏ ਜਾਂਦੇ ਹਨ।

*ਕਰਿ **ਪੰਜੀਰੁ** ਖਵਾਇਚ ਚੋਰ॥

-ਭੈਰ ੫,੧,੨:੧ (1136)

ਪਟ- ਰੇਸ਼ਮ, ਰੇਸ਼ਮੀ ਕੱਪੜਾ, ਪਟੰਬਰ

*ਘਿਅ **ਪਟ** ਭਾਂਡਾ ਕਹੈ ਨ ਕੋਇ॥

-ਤਿਲੰ ੧,੨,੩:੧ (721)

ਪਟੰਬਰ- ਪਟ+ਅੰਬਰ, ਰੇਸ਼ਮੀ ਵਸਤਰ

*ਪਾਟ **ਪਟੰਬਰ** ਪਹਿਰਿ ਹਢਾਵਉ॥

-ਗਉ ੧, ਅਸ ੧੦,੧:੨ (225)

*ਜਲ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ॥

-ਵਡ੧ ਅਲਾਹ,੬:੧ (580)

ਪਟਮੰਜਰੀ- ਇਕ ਰਾਗਨੀ, ਦੀਪਕ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ

*ਕਛੇਲੀ **ਪਟਮੰਜਰੀ** ਟੋਡੀ ਕਹੀ ਅਲਾਪਿ॥

-ਰਾਗ ੧: ੩੫ (1430)

ਪਟਰਾਨੀ- ਵੱਡੀ ਰਾਣੀ, ਰਾਜ ਪਟਰਾਣੀ,

*ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ **ਪਟਰਾਨੀ**॥

-ਭੈਰ ਨਾਮ, ੬,੨:੧ (1165)

ਪਟਵਾਰੀ- ਪਿੰਡ ਦੀ ਜ਼ਮੀਨ ਦਾ ਹਿਸਾਬ-ਕਿਤਾਬ ਰੱਖਣ ਵਾਲਾ ਕਰਮਚਾਰੀ, ਅਹੁਦਾ

*ਹਰਿ ਕੇ ਲੋਗਾ ਮੋ ਕਉ ਨੀਤਿ ਡਸੈ **ਪਟਵਾਰੀ**॥

-ਸੂਹੀ ਕਬ, ੫,੧:੧ (793)*

ਪਟੀ- ਅੱਖਰ ਲਿਖਣ ਦੀ ਤਖ਼ਤੀ, ਫੱਟੀ

*ਸਚੀ **ਪਟੀ** ਸਚੁ ਮਨਿ ਪੜੀਐ ਸਬਦੁ ਸੁ ਸਾਰੁ॥

-ਰਾਮ੧, ਓਅੰ ੫੪:੩ (938)

ਪਟੀਆ- ਇਸਤ੍ਰੀ ਦੇ ਸ਼ਿੰਗਾਰ ਵਜੋਂ ਮਥੇ ਤੇ ਚਪਕਾਏ ਕੇਸ, ਜੁਲਫ਼ਾਂ, ਮੀਂਢੀ

*ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥

-ਆਸਾ੧, ਅਸ ੧੧,੧:੧ (417)

ਪਟੁ- ਰੇਸ਼ਮੀ ਵਸਤਰ

*ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ **ਪਟੁ** ਲੇਈ॥

-ਆਸਾ ੧, ੩੫, ੩:੧ (359)

ਪਟੋਲਾ- ਰੇਸ਼ਮੀ ਵਸਤਰ, ਗੁੱਡੀਆਂ ਦਾ ਕੱਪੜਾ

*ਪ੍ਰੇਮ **ਪਟੋਲਾ** ਤੈ ਸਹਿ ਦਿਤਾ ਢਕਣ ਕੂਪਤਿ ਮੇਰੀ॥

-ਗੂਜ੫, ਵਾਰ੮ਸ, ੫,੧:੧(520)

ਪਠਾਣੀ- ਪਠਾਣਾ ਵਾਲਾ, ਅਫ਼ਗਾਨਾਂ ਵਾਲਾ

*ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ **ਪਠਾਣੀ** ਅਮਲੁ ਕੀਆ॥

-ਆਸਾ੧, ਵਾਰ੧੩ਸ, ੧,੨:੧੦ (470)

ਪਤਲਿ- ਪਤਿਆਂ ਦੀ ਥਾਲੀ, ਪਤਰਾਂ ਦਾ ਬਣਿਆ ਥਾਲੀ ਨੁਮਾ ਬਰਤਨ

*ਪਿਛੈ **ਪਤਲਿ** ਸਦਿਹੁ ਕਾਵ॥

-ਮਾਝ ੧, ਵਾਰ੧ਸ, ੧,੨:੧੪ (138)

ਪਥਰ– ਪਾਖਾਣ, ਪਾਹਨ, ਧਰਤੀ ਦਾ ਉਹ ਕਰੜਾ ਪਦਾਰਥ ਜਿਸ ਦੇ ਸਿਲ, ਵੱਟੇ, ਚਟਾਣ ਰੂਪ ਸਾਨੂੰ ਦਿਸਦੇ ਹਨ

* ਸੈਲ **ਪਥਰ** ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।

–ਗੂਜ ੫,ਸੋਦਪ,੧:੨ (10)

ਪਦਾਰਥ - ਵਸਤੂ, ਚੀਜ਼, ਕੀਮਤੀ ਵਸਤੂ, ਚੰਗੀ ਚੀਜ਼, ਦੁਰਲਭ ਚੀਜ਼, ਨਿਆਮਤ

* ਰਤਨ **ਪਦਾਰਥ** ਮਾਣਕਾ ਸੁਇਨਾ ਰੁਪਾ ਖਾਕੁ”

–ਸਿਰੀ ੫, ੮੪, ੨:੧ (47)

* ਘਰਿ ਹੋਦੈ ਰਤਨਿ **ਪਦਾਰਥਿ** ਭੁਖੇ ਭਾਗਹੀਣ ਹਰਿ ਦੂਰੇ॥

–ਵਡ੪, ਛੰਤ ੩,੩:੪ (574)

* ਸੰਤ ਸਭਾ ਗੁਰੁ ਪਾਈਐ ਮੁਕਤਿ **ਪਦਾਰਥੁ** ਧੇਣੁ॥

–ਸਿਰੀ ੧,੧੨,੧:੨ (18)*

* ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ॥

–ਆਸਾ ੪, ਛੰਤ ੧੮, ੧:੩ (450)

ਪਨਹੀ - ਜੁਤੀ, ਪਹਿਨਣ ਦੀ ਜੁਤੀ

* ਲੋਗੁ ਗਠਾਵੈ **ਪਨਹੀ**॥

–ਸੋਰ ਰਵਿ, ੭,੧:੨ (659)*

* **ਪਨ੍ਹੀਅਹ** ਛਾਦਨੁ ਨੀਕਾ॥

–ਧਨਾ ਧੰਨਾ, ੧,੧:੨ (695)

* ਕਬਹੂ ਪਾਇ **ਪਨਹੀਉ** ਨ ਪਾਵੈ॥

–ਭੈਰ ਨਾਮ, ੫,੨:੨ (1164)

ਪਨਿਹਾਰਾ - ਜਲ ਢੋਣ ਵਾਲਾ, ਸੇਵਕ ਮਹਿਰਾ

* ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ॥

–ਸੂਹੀ ੫,੪੨, ੧:੧ (745)

* ਦਾਸਨਿ ਦਾਸੀ ਕੀ ਪਨਿਹਾਰਿ॥

–ਆਸਾ ੫, ੮੪, ੨:੧ (391)

* ਕੂਅਟਾ ਏਕੁ ਪੰਚ ਪਨਿਹਾਰੀ॥

–ਗਉ ਕਬ, ੧੨, ੩:੧ (325)

ਪਰਸਾਦਨ -ਅੰਨ ਭੋਜਨ, ਖਾਣ ਦਾ ਭੋਜਨ

* ਧੋਤੀ ਡੰਡਉਤਿ **ਪਰਸਾਦਨ** ਭੋਗਾ॥

-ਗਉ ੫, ਅਸ ੪, ੪:੩ (237)

ਪਰੰਗ - ਪ੍ਰਮੁੱਖ ਰੰਗਾਂ ਦੇ ਮੇਲ ਤੋਂ ਬਣਿਆ ਰੰਗ, ਰੰਗ ਬਰੰਗੀ

* ਰੰਗ **ਪਰੰਗ** ਉਪਾਰਜਨਾ ਬਹੁ ਬਹੁ ਬਿਧਿ ਭਾਤੀ॥

-ਮਾਝ ੧, ਵਾਰ ੧:੨ (138)

ਪਰਮਲ - ਮਹਿਕ, ਖੁਸ਼ਬੋ, ਸੁਗਧਦਾਰ ਵਸਤੂਆਂ ਨੂੰ ਮਿਲਾ (ਕੁੱਟ) ਕੇ ਬਣਾਈ ਸੁਗੰਧ

* ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ **ਪਰਮਲ** ਕੀ ਵਾਸੁ॥

-ਸਿਰੀ ੧, ੪, ੨:੧ (15)

* ਸਰਬੇ ਆਦਿ **ਪਰਮਲਾਦਿ** ਕਾਸਟ ਚੰਦਨੁ ਭੈਇਲਾ॥

-ਪ੍ਰਭਾ ਨਾਮ, ੨,੨:੨ (1351)

* ਨਾਉ ਨੀਰੁ ਚੰਗਿਆਈਆ ਸਤੁ **ਪਰਮਲੁ** ਤਨਿ ਵਾਸੁ॥

-ਸਿਰੀ ੧, ੫, ੩:੧ (16)

ਪਰਵਾਣੁ - ਮਾਪ, ਪੈਮਾਨਾ, ਵੱਟਾ, ਮਾਪ-ਤੋਲ, ਪੈਮਾਨਾ

* ਅਮੁਲੁ ਤੁਲੁ ਅਮੁਲੁ **ਪਰਵਾਣੁ**॥

-ਜਪੁ ੧, ੨੬:੬ (5)

ਪਰਵਾਲਾ - ਸੁੱਚਾ ਨਗ, ਮੂੰਗਾ, ਕੀਮਤੀ ਨਗ

* ਸੁਇਨੇ ਕਾ ਬਿਰਖੁ ਪਤ **ਪਰਵਾਲਾ** ਫੁਲ ਜਵੇਹਰ ਨਾਲ॥

-ਮਾਝ ੧, ਵਾਰ ੨੦ ਸ, ੧, ੨:੧ (147)

* ਨਾਮੁ ਨਿਧਾਨੁ ਹਰਿ ਵਣਜੀਐ ਹੀਰੇ **ਪਰਵਾਲੇ**॥

-ਗਉ ੪, ਵਾਰ ੧੫:੩ (309)

ਪਰੀ - (ਫਾ: ਪਰੀ) ਰਾਗਨੀ, ਬਹੁਤ ਸੁੰਦਰ ਇਸਤ੍ਰੀ

* ਕੇਤੇ ਰਾਗ **ਪਰੀ** ਸਿਉ ਕਹੀਅਨਿ ਕੇਤੇ ਗਾਵਣ ਹਾਰੇ॥

-ਜਪੁ ੧, ੨੭:੩ (6)

* ਰਾਗ ਰਤਨ **ਪਰੀਆ** ਪਰਵਾਰ॥

-ਆਸਾ ੧, ੯, ੪:੧ (351)

ਪਰੇਤ - ਭੂਤ, ਜਿੰਨ, ਬਹੁਤ ਗਿਰੇ ਹੋਏ ਜੀਵ, ਮੋਏ ਹੋਏ ਮਨੁੱਖ ਦੀ ਰੂਹ

* ਪਸੂ **ਪਰੇਤ** ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ॥

-ਸੋਰ ੫, ੨੧, ੧:੨ (614)

* **ਪਰੇਤਹੁ** ਕੀਤੋਨੁ ਦੇਵਤਾ ਤਿਨਿ ਕਰਣੈਹਾਰੇ॥

-ਗਉ ੫,ਵਾਰ੨੦ਸ,੫,੨:੧ (323)

* ਖਿਨ ਮਹਿ ਬਿਨਸਿਓ ਮਹਾ **ਪਰੇਤੁ**॥

-ਭੈਰ ੫,੪੬, ੨:੨ (1149)

ਪਰੋਹੀ - ਪਰੋਏ, ਸੂਈ ਨਾਲ ਸੀਤੇ ਹੋਏ

* ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ **ਪਰੋਹੀ**।

-ਸੋਰ ੫,੪, ੩:੧ (609)

* ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ **ਪਰੋਤ**॥

-ਕੇਦਾ ੫, ੧੩, ੨:੨ (1121)

* ਸਦ ਬੈਰਾਗੀ ਤਤੁ **ਪਰੋਤਾ**॥

-ਰਾਮ ੧, ਅਸ ੩, ੬:੨ (904)

ਪਲੰਘ - ਮੰਜਾ, ਖਾਟ, ਇਕ ਤਰ੍ਹਾਂ ਦਾ ਮੰਜਾ ਜਿਸ ਦੇ ਸਰਾਂਦੀ ਤੇ ਪਵਾਉਂਦੀ ਦੇ ਲਈ ਲੱਕੜਾਂ ਲੱਗੀਆਂ ਹੁੰਦੀਆਂ ਹਨ।

* ਕਾਹੂ ਦੀਨੇ੍ ਪਾਟ ਪਟੰਬਰ ਕਾਹੂ **ਪਲਘ** ਨਿਵਾਰਾ॥

-ਆਸਾ ਕਬ,੧੬,੧:੧ (479)

* ਤੰਬੂ **ਪਲੰਘ** ਨਿਵਾਰ ਸਰਾਇਚੇ ਲਾਲਤੀ॥

-ਮਾਝ ੧, ਵਾਰ ੮:੭ (141)

* ਧਰਤੀ ਤ ਹੀਰੇ ਲਾਲ ਜੜਤੀ **ਪਲਘਿ** ਲਾਲ ਜੜਾਉ॥

-ਸਿਰੀ ੧,੧,੨:੧ (14)

* ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ **ਪਲੰਘੁ**॥

-ਮਲਾ ੧,ਵਾਰ ੨੩ਸ,੧,੧:੨ (1288)

ਪਲਾਣ - (ਫਾ: ਪਾਲਾਨ) ਕਾਠੀ ਘੋੜੇ ਦੀ, ਘੋੜੇ ਜਾਂ ਊਠ ਆਦਿ ਉਤੇ ਪਾਈ ਜਾਣ ਵਾਲੀ ਗੱਦੀ।

* ਘੋੜਾ ਕੀਤੋ ਸਹਜ ਦਾ ਜਤੁ ਕੀਓ **ਪਲਾਣੁ**॥

-ਰਾਮ ਬਸ, ਵਾਰ ੬:੬ (968)

* ਤੁਰੇ ਪਲਾਣੇ ਪਉਣ ਵੇਗ ਹਰਿ ਰੰਗੀ ਹਰਮ ਸਵਾਰਿਆ॥

-ਆਸਾ ੧, ਵਾਰ ੧੭:੧ (472)

ਪਲੀਤਾ - (ਫਾ. ਪਲੀਤਾ) ਅੱਗ ਲਾਉਣ ਲਈ ਬਣਾਇਆ ਗਿਆ, ਮਸਾਲੇ ਵਾਲਾ ਧਾਗਾ, ਉਹ ਬੱਤੀ ਜੋ ਦੀਵੇ ਵਿਚ ਬਾਲੀ ਜਾਂਦੀ ਹੈ

* ਕਹੁ ਕਬੀਰ ਜਿਨਿ ਦੀਆ **ਪਲੀਤਾ** ਤਿਨਿ ਤੈ ਸੀ ਝਲ ਦੇਖੀ॥

-ਗਉ ਕਬ, ੪੭, ੩:੨ (333)

ਪੜਨਸਾਲ - ਪਾਠਸ਼ਾਲਾ, ਸਕੂਲ, ਮਦਰੱਸਾ

* ਪ੍ਰਹਲਾਦ ਪੜਾਏ **ਪੜਨਸਾਲ**॥

-ਬਸੰ ਕਬ,੪,੧:੧ (1194)

ਪੜੋਸਣਿ - ਗਵਾਂਢਣ, ਨਾਲ ਦੇ ਘਰ ਰਹਿਣ ਵਾਲੀ

* ਪਾੜ **ਪੜੋਸਣਿ** ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੈ॥

-ਸੋਰ ਨਾਮ, ੨, ੧:੧ (657)

ਪਾਸਾ - ਚੋਪੜ ਦੀ ਖੇਡ ਦੀ ਗੋਟ, ਪਾਸਿਆਂ ਨਾਲ ਖੇਡੀ ਜਾਣ ਵਾਲੀ ਖੇਡ

* ਵੇਖਹਿ ਕੀਤਾ ਆਪਣਾ ਕਰਿ ਕੁਦਰਤਿ **ਪਾਸਾ** ਢਾਲਿ ਜੀਉ॥

-ਸਿਰੀ ੧, ਅਸ ੨੯, ੨:੩ (71)

* ਹੁਕਮੀ ਬਾਹੇ ਪਾਸੈ ਖੇਲਹਿ ਚਉਪਤਿ ਏਕਾ ਸਾਰੀ॥

-ਮਾਰੂ ੧, ਸੋਲਾ ੧੧, ੪:੨ (1015)

ਪਾਹਣ - ਪੱਥਰ, ਪੱਥਰ ਦੀ ਮੂਰਤੀ

* ਜਿਸੁ **ਪਾਹਣ** ਕਉ ਠਾਕੁਰੁ ਕਹਤਾ॥

-ਸੂਹੀ ੫,੯, ੨: ੧ (739)

* **ਪਾਹਣੁ** ਨੀਰਿ ਪਖਾਲੀਐ ਭਾਈ ਜਲ ਮਾਹਿ ਬੂਡਹਿ ਤੇਹਿ॥

-ਸੋਰ ੧, ਅਸ ੪, ੬:੨ (637)

* ਜਿਸ ਪਾਹਨ ਕਉਪਾਤੀ ਤੋਰੈ ਸੋ ਪਾਹਨ ਨਿਰਜੀਉ॥

-ਆਸਾ ਕਬ, ੧੪, ੧:੨ (479)

ਪਾਹਰੂਆਰਾ- ਚੌਕੀਦਾਰ, ਪਹਿਰੇਦਾਰ,

-ਪਾਹਰੂਆਰਾ ਛਬਿ ਚੋਰੁ ਨ ਲਾਗੈ॥

-ਆਸਾ ੧,੨੦, ੪:੨ (355)

ਪਾਹਾਰਾ - ਜਿਥੇ ਸੁਨਿਆਰ ਬਹਿ ਕੇ ਕੰਮ ਕਰਦਾ ਹੈ
* ਜਤੁ **ਪਾਹਰਾ** ਧੀਰਜੁ ਸੁਨਿਆਰੁ ॥

-ਜਪੁ ੧,੩੮:੧ (8)

ਪਾਹੁਣਾ - ਮਹਿਮਾਨ, ਪ੍ਰਾਹੁਣਾ, ਘਰ ਆਇਆ ਮਹਿਮਾਨ
* ਸੁੰਞੇਂ ਘਰ ਕਾ **ਪਾਹੁਣਾ** ਜਿਉ ਆਇਆ ਤਿਉ ਜਾਇ॥

-ਸਿਰੀ ੩, ੫੪, ੩:੩ (34)

* ਮਹਲ ਭਗਤੀ ਘਰਿ ਸਚੈ ਸਜਣ **ਪਾਹੁਣਿਅਉ** ॥

-ਗੂਜ ੩,ਵਾਰ ੨੧ਸ, ੩,੧:੨ (517)

* ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਰਿ **ਪਾਹੁਣਿਆ** ॥

-ਆਸਾ ੫, ਛੰਤ ੪, ੩:੩ (455)

* ਭਰਿ ਜੋਬਨਿ ਮੈ ਮਤ ਪੇਈਅੜੈ ਘਰਿ **ਪਾਹੁਣੀ** ਬਲਿਰਾਮ ਜੀਉ ॥

-ਸੂਹੀ ੧, ਛੰਤੀ ੧, ੧:੧ (763)

* ਏਕ ਰੈਣ ਕੇ **ਪਾਹੁਨ** ਤੁਮ ਆਏ ਬਹੁ ਜੁਗ ਆਸ ਬਧਾਏ ॥

-ਗਉ ੫,੧੫੨, ੧:੧ (212)*

ਪਾਹੂ - ਜਮਦੂਤ, ਪ੍ਰਾਹੁਨੇ
* **ਪਾਹੂ** ਘਰਿ ਆਏ ਮੁਕਲਾਊ ਆਏ ॥

-ਗਉ ਕਬ, ੫੦,੧:੨ (333)*

ਪਾਕ - (ਫ਼ਾ. ਪਾਕ) ਪਵਿਤਰ ਪਕਵਾਨ, ਰੋਟੀ/ਭੋਜਨ, ਪਵਿੱਤਰ ਗਿੱਜ਼ਾ
* ਮਾਲਾ ਤਿਲਕੁ ਸੋਚ **ਪਾਕ** ਹੋਤੀ ॥

-ਗਉ ੫,੪,੪:੨ (237)

ਪਾਕਸਾਰ - ਰਸੋਈ, ਭੋਜਨ ਬਣਾਨ ਦਾ ਸਥਾਨ
* ਅਪਰਸ ਕਰਤ **ਪਾਕਸਾਰ** ॥

-ਸਾਰ ੫, ੧੩੧, ੨:੩ (1229)

* ਕਰੀ **ਪਾਕਸਾਲ** ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥

-ਮਲਾ ੫, ੧, ੨:੨ (1266)

ਪਾਖੰਡੀ - ਝੂਠ ਦਿਖਾਵਾ ਕਰਨ ਵਾਲਾ, ਦਿਖਾਵੇ ਦਾ ਧਰਮੀ, ਦੰਭ ਕਰਨ ਵਾਲਾ
* ਲੋਭੀ ਕਪਟੀ ਪਾਪੀ **ਪਾਖੰਡੀ** ਮਾਇਆ ਅਧਿਕ ਲਗੈ ॥

-ਆਸਾ ੫, ੩੪, ੧:੨ (359)*

ਪਾਖਣ - ਪੱਥਰ

* ਹਰਿ ਦਇਆ ਪ੍ਰਭ ਧਾਰਹੁ **ਪਾਖਣ** ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ॥

-ਆਸਾ ੪, ਛੰਤ ੧੨,੪:੧ (446)

ਪਾਖਰ - ਕਾਠੀ, ਘੋੜੇ ਦੇ ਸਰੀਰ ਨੂੰ ਜ਼ਖਮਾਂ ਤੋਂ ਬਚਾਉਣ ਲਈ ਲੋਹੇ ਦਾ ਝੂਲ, ਗੱਦੀ

* ਘੋੜੇ **ਪਾਖਰ** ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥

-ਆਸਾ ੧,੭,੩:੧ (16)

* ਤਾਜੀ ਰਥ ਤੁਖਾਰ ਹਾਥੀ **ਪਾਖਰੇ**॥

-ਮਾਝ ੧, ਵਾਰ ੮:੫ (141)

ਪਾਖਾ - ਪੱਖਾ, ਪੰਖਾ, ਹਵਾ ਚਲਾਉਣ ਦਾ ਜੰਤਰ

* ਤਿਸੁ ਗੁਰ ਕਉ ਝੂਲਾਵਉ **ਪਾਖਾ**॥

-ਗਉ ੫, ਅਸ ੯, ੩:੧ (239)

ਪਾਖਾਣ - ਪੱਥਰ

* ਕੀਟ ਹਸਤ **ਪਾਖਾਣ** ਜੰਤ ਸਰਬ ਮੈ ਪ੍ਰਤਿਪਾਲ ਤੂ॥

-ਸਾਰ ੫, ੧੩੮, ੧,੨ (1231)*

* ਜਿਉ **ਪਾਖਾਣੁ** ਨਾਵ ਚੜਿ ਤੇਰੇ॥

-ਗਉ ੫, ਸੁਖ ੧੫, ੩:੩ (282)

* **ਪਾਖਾਨ** ਕਢਿ ਕੈ ਮੂਰਤਿ ਕੀਨੑੀ ਦੇ ਕੈ ਛਾਤੀ ਪਾਉ॥

-ਆਸਾ ਕਬ, ੧੪, ੩:੧ (479)

ਪਾਗ - ਪਗੜੀ, ਦਸਤਾਰ

* ਜਿਹ ਸਿਰਿ ਰਚਿ ਰਚਿ ਬਾਧਤ **ਪਾਗ**॥

-ਗਉ ਕਬ, ੩੫, ੧:੧ (330)

ਪਾਟ - ਪਟ, ਰੇਸ਼ਮ

* **ਪਾਟ** ਪਟੰਬਰ ਪਹਿਰਿ ਹਢਾਵਉ॥

-ਗਉ ੧, ਅਸ ੧੦, ੧:੨ (225)

* ਹਰਿ **ਪਾਟੁ** ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ॥

-ਸੋਰ ੪, ਵਾਰ ੧੧:੨ (646)

ਪਾੜੇ - ਪੁਜਾਰੀ, ਪੰਡਿਤ, ਤੀਰਥ ਪੁਰੋਹਿਤ

* ਏਹੁ ਜਨੇਊ ਜੀਅ ਕਾ ਹਈ ਤ **ਪਾੜੇ** ਘਤੁ॥

-ਆਸਾ ੧, ਵਾਰ ੧੫ ਸ,੧,੧:੨ (471)

ਪਾਣਾ - ਜੁਤੀ, ਪਣਹੀ

* ਫਿਕਾ ਮੂਰਖੁ ਆਖੀਐ **ਪਾਣਾ** ਲਹੈ ਸਜਾਇ॥

-ਆਸਾ ੧, ਵਾਰ ੨੦ਸ, ੧,੧:੪ (473)

ਪਾਤਣ - ਬਾਦਬਾਨ, ਗੁਰੂ ਭਾਵ ਮਲਾਹ, ਪਾਰ ਲੰਗਾਉਣ ਵਾਲਾ

* ਥੋੜੇ ਨੋ ਕਪਰੁ ਕਿਆ ਕਰੇ ਜੇ **ਪਾਤਣ** ਰਹੈ ਸੁਚੇਤਿ॥

-ਸਲੋ ਫਰ, ੮੬:੨ (1382)

* ਆਪੇ ਪਤਣੁ **ਪਾਤਣੀ** ਪਿਆਰਾ ਆਪੇ ਪਾਰਿ ਲੰਘਾਹੁ॥

-ਸੋਰ ੪, ੧, ੩:੩ (604)

ਪਾਤ - ਭਾਂਡਾ, ਬਰਤਨ

* ਕਾਇਆ ਪਾਤ ਪ੍ਰਭੁ ਕਰਣੈਹਾਰਾ॥

-ਮਾਰੂ ੫, ਸੋਲਾ ੯, ੧੫:੧ (1081)

ਪਾਥਰ - ਪੱਥਰ

* ਸੁਆਮੀ ਅਭੈ ਨਿਰੰਜਨ ਨਰਹਰਿ ਤੁਮ ਮਖਿ ਲੇਹੁ ਹਮ ਪਾਪੀ ਪਾਥ

-ਕਾਨ ੪, ੬, ੧:੧ (1296)

* ਗਲਿ **ਪਾਥਰ** ਕੈਸੇ ਤਰੈ ਅਥਾਹ॥

-ਗਉ ੫, ਸੁਖ ੪, ੫:੮ (267)

ਪਾਧਾਣੂ - ਪਾਂਧੀ, ਮੁਸਾਫਰ, ਰਾਹੀ, ਪੰਧ ਤੇ ਜਾਣ ਵਾਲਾ, ਰਾਹ ਦਸੇਹਰਾ

* ਪਾਧਾਣੂ ਸੰਸਾਰੁ ਗਾਰਬਿ ਅਟਿਆ॥

-ਜੈਤ ੫, ਛੰਤ ੩, ੧:੧ (705)

ਪਾਨਹੀ - ਜੁਤੀ, ਪਾਨ ਹੀ,

* ਤਾ ਕੇ ਪਗ ਕੀ **ਪਾਨਹੀ** ਮੇਰੇ ਤਨ ਕੋ ਚਾਮੁ॥

-ਸਲੋ ਕਬ, ੬੩:੨ (1367)

ਪਾਰਸ - ਮੰਨਿਆ ਜਾਂਦਾ ਉਹ ਪੱਥਰ ਜਿਸ ਦੀ ਛੋਹ ਨਾਲ ਲੋਹਾ ਸੋਨਾ ਬਣ ਜਾਂਦਾ ਹੈ, ਬਹੁਤ ਦੀ ਕੀਮਤੀ ਪੱਥਰ

* ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ **ਪਾਰਸ** ਪਰਸ ਪਰਾ॥

-ਗਉ ੫, ਬਾਅ ੧ ਸ:੪ (250)

* ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ **ਪਾਰਸਹਿ** ਨ ਪਰਸੈ॥

-ਰਾਮ ਰਵਿ, ੧,੧:੨ (973)

* **ਪਾਰਸਿ** ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥

-ਸਿਰੀ ੩, ੩੬, ੪:੩ (27)

* ਵਿਣੁ **ਪਾਰਸੈ** ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ।

-ਗੂਜ ੩, ੭, ੩: ੧ (491)

ਪਾਰਚ - (ਫਾ. ਪਾਰਚਾ) ਲੀਰ, ਕਾਤਰ, ਟੁਕੜਾ, ਕਪੜਾ

* ਮਿਥਿਆ ਮੋਹ ਬੰਧਹਿ ਨਿਤ **ਪਾਰਚ**॥

-ਸੂਹੀ ੫, ੩੩, ੧ : ੨ (743)

ਪਾਰੋਸੀ - ਗੁਆਂਢੀ, ਘਰ ਦੇ ਨਜ਼ਦੀਕ ਰਹਿਣ ਵਾਲਾ ਵਿਅਕਤੀ

* **ਪਾਰੋਸੀ** ਕੇ ਜੋ ਹੁਆ ਤੂ ਅਪਨੇ ਭੀ ਜਾਨੁ॥

-ਸਲੋ ਕਬ, ੧੬੭: ੨ (1373)

ਪਾਲ - ਬਾਦਬਾਨ, ਮਲਾਹਾ

* ਉਧਰੈ ਭ੍ਰਮ ਮੋਹ ਸਾਗਰ। ਲਹਿ ਸੰਤਨਾ ਪਰ **ਪਾਲ**॥

-ਕੇਦਾ ੫, ੨, ੨:੬ (1119)

ਪਾਲੁ - ਪਲੰਘ, ਸੇਜਾ

* ਜਾ ਚੈ ਘਰਿ ਕੂਰਮਾ **ਪਾਲੁ** ਸਹਸ੍ਰ ਫਨੀ ਬਾਸਕੁ ਸੇਜ ਵਾਲੂਆ॥

-ਮਲਾ ਨਾਮ, ੧, ੪ :੧ (1292)

ਪਿਆਲਾ - (ਫਾ. ਪਯਾਲ) ਪਿਆਲਾ, ਇਕ ਬਰਤਨ, ਚਾਹ ਪੀਣ ਵਾਲਾ ਕੱਪ, ਮਿੱਟੀ ਜਾਂ ਚੀਨੀ ਮਿੱਟੀ ਦਾ ਬਣਿਆ ਇਕ ਕਟੋਰਾ

* ਸੁਰਤਿ **ਪਿਆਲ** ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ॥

-ਰਾਮ ਕਬ, ੧, ੩ :੨ (969)

* ਏਕ ਜੁ ਬਾਤ ਅਨੂਪ ਬਣੀ ਹੈ ਪਵਨ **ਪਿਆਲਾ** ਸਾਜਿਆ॥

-ਸਿਰੀ ਕਬ, ੩, ੩: ੧ (92)

ਪਿੰਗੁਲਾ - ਪਿੰਗਲਾ, ਲੂਲ੍ਹਾ, ਲੰਗੜਾ, ਜਿਸ ਦੇ ਹੱਥ ਪੈਰ ਨਾ ਚੱਲਣ

* ਸਾਗਰੰ ਲੰਘੰਤਿ **ਪਿੰਗੰ** ਤਮ ਪਰਗਾਸ ਅੰਧਕਹ॥

-ਸਸ ੫, ੫੫;੨ (1359)

* ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀਂ ਆਰਤ ਦੁਆਰਿ ਰਟਤ **ਪਿੰਗੁਰੀਆ**॥

-ਗਉ ੫, ੧੧੫, ੧:੧ (203)*

* ਕਹਾ **ਪਿੰਗੁਲ** ਪਰਬਤ ਪਰ ਭਵਨ॥

-ਗਉ ੫, ਸੁਖ ੪, ੬:੭ (267)

* ਕਰਮ ਕਰਿ ਅਰੁਣ **ਪਿੰਗੁਲਾ** ਰੀ॥

-ਧਨਾ ਤ੍ਰਿਲੋ, ੧, ੨ :੨ (695)

* ਪਾਵਰੁ ਤੇ **ਪਿੰਗੁਲੁ** ਭਇਆ ਮਾਰਿਆ ਸਤਿਗੁਰ ਬਾਨ॥

-ਸਲੋ ਕਬ, ੧੯੩:੨ (1374)

ਪਿਤਰ - ਵੱਡੇ ਵਡੇਰੇ, ਬਜ਼ੁਰਗ, ਬਾਪ ਦਾਦਾ ਆਦਿ, ਪਿਤਰਾਂ

* ਜੀਵਤ **ਪਿਤਰ** ਨ ਮਾਨੈ ਕੋਊ ਮੂਏ ਸਿਰਾਧ ਕਰਾਹੀ॥

-ਗਉ ਕਬ, ੪੫,੧:੧ (332)

* ਆਪਿ ਤਰੈ **ਪਿਤਰੀ** ਨਿਸਤਾਰੇ॥

-ਗਉ ੧, ਅਸ ੭, ੩:੩ (223)

ਪਿੜ - ਅਖਾੜਾ, ਮੈਦਾਨ, ਉਹ ਥਾਂ ਜਿਥੇ ਕੁਸ਼ਤੀਆਂ ਜਾਂ ਖੇਡਾਂ ਆਦਿ ਹੁੰਦੀਆਂ ਹਨ,

* ਮਾਇਆ ਕਾਰਣਿ **ਪਿੜ** ਬੋਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ॥

-ਮਾਝ ੩, ਅਸ ੨੧,੬:੩ (122)

* ਜਿਸ ਤੂੰ ਮੇਲਹਿ ਸੋ ਮਿਲੈ ਜਾਇ ਸਚਾ **ਪਿੜੁ** ਮਲਿ॥

-ਸਿਰੀ ੧, ਅਸ ੧੧, ੮:੩ (60)

ਪਿੜਾਈ - (ਸੰ: ਪਿੱਟਕ) ਪਟਾਰੀ

* ਸਪੁ **ਪਿੜਾਈ** ਪਾਈਐ ਬਿਖੁ ਅੰਤਰਿ ਮਨਿ ਰੋਸੁ॥

-ਮਾਰੂ ੧, ਅਸ ੨, ੪: ੧ (1009)

ਪੀਤੰਬਰ - ਪੀਲੇ ਰੰਗ ਦੇ ਵਸਤ੍ਰ, ਪੀਲੇ ਕਪੜਿਆਂ ਵਾਲਾ, ਸੰਨਿਆਸੀ, ਸਾਧੂ

* ਜਹਾ ਬਸਹਿ **ਪੀਤੰਬਰ** ਪੀਰ॥

-ਆਸਾ ਕਬ, ੧੩, ੧ : ੨ (478)

* ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ॥

-ਭੈਰ ਨਾਮ, ੯, ੪:੨ (1165)

ਪੀਰ – (ਫਾ. ਪੀਰ) ਧਾਰਮਿਕ ਆਗੂ, ਮੁਰਸ਼ਦ, ਮੁਸਲਮਾਨ ਫ਼ਕੀਰ, ਗੁਰੂ

* ਸੁਣਿਐ ਸਿਧ ਪੀਰ ਸੁਰਿ ਨਾਥ॥

-ਜਪੁ ੧, ੮:੧ (2)

* ਪੁੜ੍ਹੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥

-ਰਾਮ ਬਸ, ਵਾਰ ੨ : ੧੦ (967)

* ਹਮ ਜੋਰ ਜਿਹੀ ਦੁਨੀਆ ਪੀਰਾ ਮਸਾਇਕ ਰਾਇਆ।

-ਮਾਝ ੧, ਵਾਰ ੧੩ਸ, ੧, ੧:੧ (143)

ਪੁੰਡਰ – ਸੁਫੈਦ, ਚਿੱਟਾ, ਦੁੱਧ ਰੰਗ ਵਰਗੇ

* ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥

-ਆਸਾ ੧, ਪਟੀ ੫:੧ (432)

ਪੁਤਰੀ – ਪੁਤਲੀ

* ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥

-ਗਉ ੫, ੧੨੬, ੩:੧ (206)*

ਪੁਤਲਾ – ਗੁੱਡੀ, ਛੋਟਾ ਪੁਤਲਾ, ਤਮਾਸ਼ਾ ਕਰਨ ਲਈ ਬਣੀ ਗੁੱਡੀ

* ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।

-ਸਿਰੀ ੩, ੪੫, ੨:੧ (31)

ਪੁਰਾਣ – ਹਿੰਦੂਆਂ ਦੇ ਧਾਰਮਿਕ ਗ੍ਰੰਥ, ਪ੍ਰਸਿੱਧ 18 ਹਨ ਜਿਨ੍ਹਾਂ ਵਿਚ ਸ੍ਰਿਸ਼ਟੀ ਦੀ ਉਤਪਤੀ, ਪਰਲੋ, ਰਿਸ਼ੀਆਂ, ਦੇਵੀ ਦੇਵਤਿਆਂ ਅਤੇ ਤੀਰਥਾਂ ਦਾ ਵਰਣਨ ਹੈ

* ਆਖਹਿ ਵੇਦ ਪਾਠ ਪੁਰਾਣ॥

-ਜਪੁ ੧,੨੬:੧੧ (5)

* ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨਹਰਿ ਗੁਨ ਗਾਵੈ॥

-ਗਉ ੯, ੬,੧ : ੨ (220)*

* ਜਬ ਤੁਮ ਸੁਨਿ ਲੇ ਬੇਦ ਪੁਰਾਨਾ॥

-ਆਸਾ ਕਬ, ੩੬,੧:੧ (484)

ਪੁੜ - ਚੱਕੀ ਦੇ ਹੇਠਲਾ ਤੇ ਉਪਰਲਾ ਪੱਥਰ ਜਾਂ ਦੋਵਾਂ ਵਿਚੋਂ ਇਕ

* ਦੁਇ **ਪੁੜ** ਚਕੀ ਜੋੜਿ ਕੈ ਪੀਸਣ ਆਇ ਬਹਿਠੁ॥

-ਮਾਝ ੧, ਵਾਰ ੧੧ ਸ, ੧,੧:੩ (142)

* **ਪੁੜੁ** ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥

-ਸੋਰ ੧, ੪, ੧:੧ (596)

ਪੂਅਰ - ਧੂਣੀ, ਅਗਨੀ, ਅੱਗ

* ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਿਰ **ਪੂਅਰ** ਤਾਪੈ॥

-ਮਾਰੂ ੧, ਅਸ ੭, ੩:੧ (1013)

ਪੂੰਜੀ - ਧਨ ਰਾਸ਼ੀ, ਸਰਮਾਇਆ, ਦੌਲਤ, ਰਾਸ, ਇਕੱਠਾ ਕੀਤਾ ਧਨ

* ਸਾਚੀ **ਪੂੰਜੀ** ਸਚੁ ਸੰਜਗੋ ਆਠ ਪਹਰ ਗੁਣ ਗਾਉ॥

-ਸਿਰੀ ੫, ੮੮,੧:੩ (48)

ਪੂਨਿਉ - ਪੂਰਨਮਾਸੀ, ਪੂੰਨਿਆ

* **ਪੂਨਿਉ** ਪੂਰਾ ਚੰਦ ਅਕਾਸ॥

-ਗਉ ਕਬ, ਥਿਤੀ ੧੬:੧ (344)

ਪੇਹਨੁ - (ਫ਼ਾ. ਪੀਰਾਹਨ) ਜਾਮਾਂ, ਵਸਤਰ, ਕਪੜੇ, ਪਹਿਰਨ, ਚੋਲਾ

* ਛਪਨ ਕੋਟਿ ਕਾ **ਪੇਹਨੁ** ਤੇਰਾ ਸੋਲਹ ਸਹਸ ਇਜਾਰਾ॥

-ਭੈਰ ਨਾਮ, ੧, ੨:੧ (1167)

ਪੇਕਾਂਬਰ - (ਅ. ਪੈਗੰਬਰ) ਸੁਨੇਹਾ ਲਿਆਉਣ ਵਾਲਾ, ਰੱਬ ਦਾ ਭੇਜਿਆ ਨਬੀ, ਰਸੂਲ

* ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ।

-ਆਸਾ ੧, ੩੩,੨:੨ (358)

ਪੇਖਨਾ - ਖੇਡ, ਤਮਾਸ਼ਾ, ਦਿਖਾਵਾ, ਪੁਤਲੀ

* ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈ ਹੈ ਰੇ॥

-ਬਿਲਾ ਕਬ, ੧,੧:੧ (855)*

ਪੇਰਣ - (ਫ਼ਾ. ਪੈਰਾਹਨ) ਚੋਲਾ, ਲਿਬਾਸ, ਲੰਮਾ ਕੁੜਤਾ, ਜਾਮਾ

* ਇਕਨਾ **ਪੇਰਣ** ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ॥

-ਆਸਾ ੧, ਅਸ ੧੨, ੬: ੨ (418)

ਪੇਵਕੜੈ - ਪੇਕੇ ਘਰ, ਮਾਪਿਆਂ ਦੇ ਘਰ, ਇਸ ਲੋਕ ਵਿਚ

* **ਪੇਵਕੜੈ** ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ॥

-ਸਿਰੀ ੪, ਛੰਤ ੧, ੩:੨ (78)

ਪੈਸਾ - ਭਾਵ ਤਾਂਬਾ, ਪੈਸਾ ਇਕ ਸਿੱਕਾ ਜੋ ਤਾਂਬੇ ਦਾ ਬਣਿਆ ਹੁੰਦਾ ਹੈ।

* ਸੁਰਗ ਨਰਕ ਅੰਮ੍ਰਿਤ ਬਿਖੁ ਦੇ ਸਭ ਤਿਉ ਕੰਚਨਅਰੁ **ਪੈਸਾ**॥

-ਗਉ ੯, ੭,੨:੧ (220)

ਪੈਕਾਨੈ - (ਫ਼ਾ. ਪੈਕਾਨੀ) ਰਤਨ, ਮਾਣਿਕ

* ਜਾ ਕਉ ਰਾਖਿ ਲੇਇ ਮੇਰਾ ਸੁਆਮੀ ਤਾਂ ਕਉ ਸੁਮਤਿ ਦੇਇ **ਪੈਕਾਨੈ**॥

-ਕਲਿ ੪, ੫, ੨:੧ (1320)

ਪੈਕਾਮਰ - ਪੈਗੰਬਰ, ਸੁਨੇਹਾ ਲਿਆਉਣ ਵਾਲੇ, ਵੇਖੋ 'ਪੇਕਾਂਬਰ'

* ਪੀਰ **ਪੈਕਾਮਰ** ਸਾਲਕ ਸਾਦਕ ਸੁਹਦੇ ਅਉਰੁ ਸਹੀਦ॥

-ਸਿਰੀ ੧, ਅਸ ੧, ੩:੧ (53)

ਪੈਕਾਮੁ - (ਫ਼ਾ. ਪੈਕਾਨ) ਤੀਰ, ਬਾਣ

* ਪਿਰਮ **ਪੈਕਾਮੁ** ਨ ਨਿਕਲੈ ਲਾਇਆ ਤਿਨਿ ਸੁਜਾਣਿ॥

-ਸਲੋ ੧, ੧੩:੪ (1411)

ਪੈਕਾਰੁ - ਪੈਂਕਾਰ, ਨਿਆਰੀਆ ਜੋ ਪੁਰਾਣੇ ਸਮੇਂ ਟਕਸਾਲ ਦੀ ਸੁਆਹ ਵਿਚੋਂ ਚਾਂਦੀ ਸੋਨਾ ਨਿਖਾਰਦਾ ਸੀ

* ਨਿਰਮਲੁ ਸਾਚਿ ਰਤਾ **ਪੈਕਾਰੁ**॥

-ਆਸਾ ੧, ਅਸ ੫, ੨:੨ (413)

ਪੈਨ੍ਣੁ - ਪੋਸ਼ਾਕ, ਪਹਿਰਾਵਾ, ਲਿਬਾਸ, ਵਸਤਰ

* ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ **ਪੈਨ੍ਣੁ** ਭਗਤਿ ਬਡਾਈ॥

-ਸਾਰ ੩, ਅਸ ੧, ੨:੧ (1233)

ਪੋਖਰਿ - ਤਲਾ, ਛਪੜੀ, ਛੰਭ, ਝੀਲ

* **ਪੋਖਰਿ** ਪੋਖਰਿ ਢੂਢਤ ਭਲੋ ਨ ਕਹਿ ਹੈ ਕੋਇ॥

-ਸਲੋ ਕਬ, ੫੦:੨ (1367)

ਪੋਖਿ - ਪੋਹ ਦਾ ਮਹੀਨਾ, ਬਿਕਰਮੀ ਸੰਮਤ ਦਾ ਦਸਵਾਂ ਮਹੀਨਾ

* **ਪੋਖਿ** ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥

-ਮਾਝ ੫, ਬਾਰ ੧੧:੧ (135)

* **ਪੋਖੁ** ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥

-ਮਾਝ ੫, ਬਾਰ ੧੧:੯ (135)

ਪੋਚਨਹਾਰੀ – ਉਹ ਕਪੜਾ ਜਿਸ ਨਾਲ ਪੋਚਾ ਦੇਂਦੇ ਹਨ, ਭੱਠੀ ਪੁੱਠ ਚੜ੍ਹੇ ਬਰਤਨ ਨੂੰ ਠੰਢੇ ਪਾਣੀ ਦਾ ਪੋਚਾ ਦੇਣ ਵਾਲੀ (ਲੀਰ ਜਾਂ ਕਪੜਾ)

* ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ **ਪੋਚਨਹਾਰੀ** ਰੇ॥

–ਰਾਮ ਕਬ, ੧, ੨:੨ (969)

ਪੋਤੁ – ਜਹਾਜ਼, ਨਉਕਾ, ਬੇੜੀ

* ਹਰਿ ਹਰਿ ਨਾਮੁ **ਪੋਤੁ** ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ।

*–ਬਿਲਾ ੪, ਅਸ ੧, ੪:੧ (833)**

ਪੋਤ੍ਰਾ – ਪੁੱਤਰ ਦਾ ਪੁੱਤਰ

* ਪਿਯੂ ਦਾਦੇ ਜੇਵਿਹਾ **ਪੋਤ੍ਰਾ** ਪਰਵਾਣੁ॥

–ਰਾਮ ਬਸ, ਵਾਰ ੬:੨੦ (968)

ਪੋਥੀ – ਗ੍ਰੰਥ, ਪੁਸਤਕ, ਧਾਰਮਕ ਗ੍ਰੰਥ, ਕਿਤਾਬ

* **ਪੋਥੀ** ਪੁਰਾਣੁ ਕਮਾਈਐ॥

–ਸਿਰੀ ੧, ੩੩, ੨:੧ (25)

* ਪੰਡਿਤ ਵਾਚਹਿ **ਪੋਥੀਆ** ਨਾ ਬੂਝਹਿ ਵੀਚਾਰੁ॥

–ਸਿਰੀ ੧, ਅਸ ੫, ੬:੧ (56)

ਪ੍ਰਸਾਦ – ਦੇਵਤਾ/ਪ੍ਰਭੂ ਨੂੰ ਅਰਪਤ ਹੋਇਆ ਖਾਣ ਯੋਗ ਪਦਾਰਥ

* ਜੇ ਓਹੁ ਅਨਿਕ **ਪ੍ਰਸਾਦ** ਕਰਾਵੈ॥

–ਗੋਂਡ ਰਵਿ, ੨, ੩: ੧ (875)

ਪ੍ਰਕਾਰਾ – ਕਿਲ੍ਹਾ, ਕੋਟ, ਗੜ੍ਹ

* ਤੁਮ ਹੀ ਦੀਏ ਅਨਿਕ **ਪ੍ਰਕਾਰਾ** ਤੁਮ ਹੀ ਦੀਏ ਮਾਨ॥

–ਸਾਰ ੫, ੬੪,੧:੧ (1217)

ਪ੍ਰਦੇਸਹ – ਪ੍ਰਾਇਆ ਦੇਸਾਂ, ਬਦੇਸ਼

* ਭ੍ਰਮਤ ਭ੍ਰਾਰ ਅਗਨਤ ਆਇਓ ਬਹੁ **ਪ੍ਰਦੇਸਹ** ਧਾਇਓ॥

–ਆਸਾ ੫, ਛੰਤ ੮, ੩: ੩ (458)

ਪ੍ਰਬਲਚੰਡ – ਮਾਲ ਕਉਸਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ

* **ਪ੍ਰਬਲਚੰਡ** ਕਉਸਕ ਉਭਾਰਾ॥

–ਰਾਗ ੧:੨੦ (1430)

ਪ੍ਰਵਾਹ - ਚਸ਼ਮੇ, ਝਰਣੇ, ਵਹਿਣ, ਧਾਰਾ

* ਅੰਮ੍ਰਿਤ **ਪ੍ਰਵਾਹ** ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ॥

-ਸਯ ੫, ੨:੧ (1385)

ਪ੍ਰੇਤ - ਚੰਦਰੀ ਰੂਹ ਭੂਤ, ਮੋਏ ਹੋਏ ਦੀ ਅਬਗਤ ਆਤਮਾ ਜੋ ਦੁਖਦਾਈ ਰੂਪ ਵਿਚ ਘੁੰਮਦੀ ਫਿਰੇ

* ਪਸੁ **ਪ੍ਰੇਤ** ਮੁਘਦ ਪਾਥਰ ਕਉ ਤਾਰੈ॥

-ਗਉ ੫, ਸੁਖ ੯, ੫:੬ (274)

* ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ **ਪ੍ਰੇਤਤਹ**॥

-ਜੈਤ ੫, ਵਾਰ ੪ ਸ, ੫,੧:੨ (706)

* ਪਸੁ ਪੰਖੀ ਭੂਤ ਅਰੁ **ਪ੍ਰੇਤਾ**॥

-ਮਾਰੂ ੫, ੧੯, ੩:੧ (1005)

ਫਉਜ - (ਅ. ਫੌਜ) ਲਸ਼ਕਰ, ਸੈਨਾ, ਫੌਜ

* ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ **ਫਉਜ** ਹਠਲੀ ਰੇ॥

-ਆਸਾ ੫, ੧੩੨, ੨:੧ (404)

ਫਕਰੁ - (ਅ. ਫਕਰ) ਫ਼ਕੀਰੀ, ਸਾਧੂ, ਦਰਵੇਸ਼ੀ

* ਕਰਿ **ਫਕਰੁ** ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ॥

-ਤਿਲੰ ਕਬ, ੧,੩:੨ (727)

ਫਕੀਰ - (ਅ. ਫਕੀਰ) ਸਾਧੂ, ਦਰਵੇਸ਼, ਸੰਤ, ਮੰਗਤਾ

* ਹੋਇ ਪੈ ਖਾਕ **ਫਕੀਰ** ਮੁਸਾਫਰੁ ਇਹੁ ਦਰਵੇਸ ਕਬੂਲੁ ਦਰਾ॥

-ਮਾਰੂ ੫, ਸੋਲਾ ੧੨, ੧:੩ (1083)

* ਕਾਜੀ ਸੇਖ ਭੇਖ **ਫਕੀਰਾ**॥

-ਗਉ ੧, ਅਸ ੧੪, ੭:੧ (227)

* ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ **ਫਕੀਰੁ**॥

-ਰਾਮ ੧, ਅਸ ੬, ੧:੩ (1012)

* ਪੂਰੇ ਗੁਰਿ ਬਖਸਾਈਂ ਅਹਿ ਸਭਿ ਗੁਨਹ **ਫਕੀਰੈ**॥

-ਮਾਰੂ ੧, ਅਸ ੬, ੧:੩ (1012)

ਫਗਣੁ - ਬਿਕਰਮੀ ਸੰਮਤ ਦਾ ਬਾਰਵਾਂ ਮਹੀਨਾ

* ਹਿਮਕਰ ਰੁਤਿ ਮਨਿ ਭਾਵਤੀ ਮਾਘੁ **ਫਗਣੁ** ਗੁਣਵੰਤ ਜੀਉ॥

-ਰਾਮ ੫, ਰੁਤੀ, ੭:੨ (929)

ਫਰੇਸਤਾ - (ਫਾ. ਫਿਰਿਸ਼ਤਾ) ਫਰਿਸ਼ਤਾ, ਮੁਲਸਮਾਨਾਂ ਦੇ ਵਿਸ਼ਵਾਸ ਅਨੁਸਾਰ ਨੂਰ ਤੋਂ ਰਚੇ ਹੋਏ ਉੱਚ ਪ੍ਰਾਣੀ ਜੋ ਰੱਬ ਦੀ ਪੂਜਾ ਕਰਦੇ ਅਤੇ ਹੁਕਮ ਦੀ ਪਾਲਣਾ ਕਰਦੇ ਹਨ ਇਹ ਖਾਂਦੇ ਪੀਂਦੇ ਕੁੱਝ ਨਹੀਂ

* ਅਜਰਾਈਲੁ **ਫਰੇਸਤਾ** ਤਿਲ ਪੀੜੇ ਘਾਣੀ॥

-ਗਉ ੪, ਵਾਰ ੨੭:੫ (315)

ਫਲਗੁਣਿ - ਬਿਕਰਮੀ ਸੰਮਤ ਦਾ 12ਵਾਂ ਮਹੀਨਾ, ਫਗਣ

* **ਫਲਗੁਣਿ** ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥

-ਮਾਝ ੫, ਬਾਰਾ ੧੩:੧ (136)

* **ਫਲਗੁਨਿ** ਮਨਿ ਰਹਸੀ ਪ੍ਰੇਮੁ ਸੁਭਾਇਆ॥

-ਤੁਖਾ ੧, ਬਾਰਾ ੧੬:੧ (1109)

ਫਾਸ - ਫਾਹੀ, ਫੰਧਾ, ਫਾਂਸੀ, ਫਸਾਉਣ ਵਾਲੀ ਚੀਜ਼-ਫੰਧਾ

* ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ **ਫਾਸ**॥

-ਸਿਰੀ ੫,੭੭, ੩:੧ (44)

* ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ **ਫਾਸਏ**॥

-ਧਨਾ ੫, ਛੰਤ ੧, ੧:੪ (691)

* ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ **ਫਾਸਾ** ਜਾਉ॥

-ਮਾਝ ੫, ੩੮, ੨:੩ (105)

* ਕਾਲ ਕੈ **ਫਾਂਸਿ** ਸਕਤ ਸਰੁ ਸਾਂਧਿਆ

-ਆਸਾ ੫, ੮੧, ੨:੨ (390)

* ਜਮ ਕਾ **ਫਾਹਾ** ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ॥

-ਸਿਰੀ ੪, ਵਾਰ ੴਸ,੩,੧:੪ (85)

ਫਾਹੁਰੀ - ਫਹੁੜੀ, ਧੂਣੀ ਵਿਚੋਂ ਭਸਮ ਇਕੱਠੀ ਕਰਨ ਦਾ ਜੰਤਰ

* ਦਇਆ **ਫਾਹੁਰੀ** ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ॥

-ਆਸਾ ਕਬ, ੭,੩:੧ (477)

ਫਾਵੀ - (ਫਾ. ਫ਼ਾਵਾ-ਬੇਇਜ਼ਤ) ਪਾਗਲ, ਬਾਉਰੀ, ਫਾਵਾ ਦਾ ਇਸਤ੍ਰੀ ਲਿੰਗ, ਸ਼ਰਮਿੰਦਾ, ਲੱਜਿਤ

* ਭਰਮਿ ਭੁਲਾਈ ਸਭੁ ਜਗੁ ਫਿਰੀ **ਫਾਵੀ** ਹੋਈ ਭਾਲਿ॥

-ਰਾਮ ੩, ਵਾਰ ੩ਸ, ੩, ੧:੧ (947)

ਫੁਫੀ - ਭੂਆ, ਪਿਤਾ ਦੀ ਭੈਣ, ਤੁੱਫੀ

* **ਫੁਫੀ** ਨਾਨੀ ਮਾਸੀਆ ਦੇਰ ਜਠਾਨੜੀਆਹ॥

-ਮਾਰੂ ੧, ਅਸ ੧੦, ੨:੧ (1015)

ਫੁੰਮਣ - ਫੁੱਲ ਦੀ ਸ਼ਕਲ ਦਾ ਰੇਸ਼ਮ ਜਾਂ ਸੂਤ ਦਾ ਗੁੱਛਾ,

* ਲਕੀ ਕਾਸੇ ਹਥੀ **ਫੁੰਮਣ** ਅਗੋ ਪਿਛੀ ਜਾਹੀ॥

-ਮਾਝ ੧, ਵਾਰ ੨੬ਸ, ੧, ੧:੯ (149)

ਬਉਰਾ - ਝੱਲਾ, ਪਾਗਲ, ਸ਼ੁਦਾਈ, ਦੀਵਾਨਾ, ਕਮਲਾ

* ਜੋ ਹਲਾਹਲ ਸੋ ਪੀਵੈ **ਬਉਰਾ**॥

-ਗਉ ੫, ੮੨, ੩:੧ (180)

* ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ **ਬਉਰਾਨੰ**॥

-ਸੋਰ ੧, ਅਸ ੮:੩ (635)

* ਮੇਰੀ ਮਤਿ **ਬਉਰੀ** ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉਰੇ॥

-ਆਸਾ ਕਬ, ੨੫, ੧, ੧ (482)*

* ਛਾਡਿ ਕਤੇਬ ਰਾਮੁ ਭਜੁ **ਬਉਰੇ** ਜੁਲਮ ਕਰਤ ਹੈ ਭਾਰੀ॥

-ਆਸਾ ਕਬ, ੮,੪:੧ (477)

ਬਸੰਤ - ਇਕ ਰਾਗ, ਰਾਗ ਹਿੰਡੋਲ ਦੇ ਸਤ ਪੁਤਰਾਂ ਵਿਚੋਂ ਇਕ

* ਗਾਵਹਿ ਸਰਸ **ਬਸੰਤ** ਕਮੋਦਾ॥

-ਰਾਗ ੧:੩੨ (1430)

ਬਸਤਰ - ਕਪੜੇ, ਪੋਸ਼ਾਕ, ਲਿਬਾਸ, ਵਸਤਰ

* ਜੈਸੇ **ਬਸਤਰ** ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ॥

-ਆਸਾ ੫, ੧੨੩, ੨:੧ (402)

* ਨਾਮੈ ਖਿੰਥਾ ਨਾਮੈ **ਬਸਤਰੁ**॥

-ਰਾਮ ੫, ੧੩, ੪:੩ (886)

* ਬਿਮਲ **ਬਸਤ੍ਰ** ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ॥

-ਗਉ ਕਬ, ੬੭, ੧:੧ (338)

* ਬਿਆਪਤ ਹਸਤਿ ਘੋੜੇ ਅਰੁ **ਬਸਤਾ**॥

-ਗਉ ੫, ੮੮, ੨:੩ (182)

ਬਸੰਤੀ - ਇਕ ਰਾਗਣੀ ਰਾਗ ਹੰਡੋਲ ਦੀਆਂ ਪੰਜ ਰਾਗਣੀਆਂ ਵਿਚੋਂ

* **ਬਸੰਤੀ** ਸੰਦੂਰ ਸੁਹਾਈ॥

-ਰਾਗ ੧:੨੬ (1430)

ਬਸੰਤੁ - ਖੁਸ਼ੀ ਖੇੜੇ ਦੀ ਰੁਤਿ, ਬਹਾਰ ਦੀ ਰੁਤ, ਗਰਮੀਆਂ ਤੋਂ ਪਹਿਲਾਂ ਆਉਣ ਵਾਲੀ ਇਕ ਰੁੱਤ, ਜਿਹੜੀ ਚੇਤਰ ਤੇ ਵਿਸਾਖ ਦੇ ਮਹੀਨੇ ਵਿਚ ਆਉਂਦੀ ਹੈ

* ਚੜਿ ਚੇਤੁ **ਬਸੰਤੁ** ਮੇਰੇ ਪਿਆਰੇ ਭਲੀਆ ਰੁਤੇ॥

-ਆਸਾ ੪, ਛੰਤ ੨੧, ੪:੧ (452)

* ਪਹਿਲ **ਬਸੰਤੈ** ਆਗਮਨਿ ਤਿਸੁ ਕਾ ਕਰਹੁ ਬੀਚਾਰੁ॥

-ਸੂਹੀ ੩, ਵਾਰ ੧੯ ਸ, ੨, ੨:੧ (791)

ਬੰਸੁ - ਖਾਨਦਾਨ, ਕੁਲ, ਘਰਾਣਾ

* ਬੂਡਾ **ਬੰਸੁ** ਕਬੀਰ ਕਾ ਉਪਜਿਓ ਪੂਤੁ ਕਮਾਲੁ॥

-ਸਲੋ ਕਬ, ੧੧੫:੧ (1370)

ਬਸੋਲੇ - ਰੰਬਾ, ਕਦੋਲਾ, ਜ਼ਮੀਨ ਖੋਦਨ ਦਾ ਸੰਦ, ਖੁਰਪਾ

* ਕਾਮੁ ਕ੍ਰੋਧ ਦੋਇ ਕਰਹੁ **ਬਸੋਲੇ** ਗੋਡਹੁ ਧਰਤੀ ਭਾਈ॥

-ਬਸੰ ੧, ੯,੩:੧ (1171)

ਬਹਿਨ - ਭੈਣ

* ਸਗਲਿਆ ਕੀ ਹਉ **ਬਹਿਨ** ਭਾਨਜੀ ਜਿਨਹਿ ਬਰੀ ਤਿਸੁ ਚੇਰੀ॥

-ਆਸਾ ਕਬ,੪,੨:੨ (476)

ਬਹੀਰ - ਵਹੀਰ, ਜਾਂਦੇ ਲੋਕਾਂ ਦੀ ਭੀੜ, ਕਾਫ਼ਲਾ

* ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ **ਬਹੀਰ**॥

-ਸਲੋ ਕਬ,੧੬੫:੧ (1373)

ਬਹੁਰੰਗੀ - ਕਈ ਰੰਗਾਂ ਵਾਲਾ, ਬਹੁ ਪੱਖੀ, ਬਹੁ ਪਰਤੀ

*ਇਹ ਮਨੂਆ ਖਿਨੁ ਨ ਟਿਕੈ **ਬਹੁ ਰੰਗੀ** ਦਹ ਦਹ ਦਿਸਿ ਚਲਿ ਚਲਿ ਹਾਵੈ॥

-ਗਉ ੪, ੫੯,੧:੧ (171)

ਬਹੁਰੀਆ - ਪਤਨੀ, ਵਹੁਟੀ, ਇਸਤ੍ਰੀ, ਬਹੂ

* ਹਰਿ ਮੇਰੋ ਪਿਰੁ ਹਉ ਹਰਿ ਕੀ **ਬਹੁਰੀਆ**॥

-ਆਸਾ ਕਬ,੩੦,੧:੧ (483)*

* ਦਿਨ ਦਸ ਪਾਂਚ ਬਹੂ ਭਲੇ ਆਈ॥

-ਆਸਾ ਕਬ, ੩੪,੨:੨ (484)

ਬੰਗਾਲੀ - ਭੈਰਉ ਦੀਆਂ ਪੰਜ ਰਾਗਨੀਆਂ ਵਿਚੋਂ ਇਕ

* ਪੁੰਨਿਆ ਕੀ ਗਾਵਹਿ **ਬੰਗਲੀ**॥

-ਰਾਗ ੧:੬ (1429)

ਬੰਗਾਲਮ - ਭੈਰਉ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ

* **ਬੰਗਾਲਮ** ਮਧੁ ਮਾਧਵ ਗਾਵਹਿ॥

-ਰਾਗ ੧:੧੦ (1429)

ਬਚਰਹਿ - (ਫਾ. ਬੱਚ) ਬਚੇ, ਛੋਟੀ ਉਮਰ ਦਾ ਬਾਲ

* ਜੈਸੇ **ਬਚਰਹਿ** ਕੂੰਜ ਮਨ ਮਾਇਆ ਮਮਤਾ ਰੇ॥

-ਸਲੋ ਕਬ, ੧੨੩:੨ (1371)

ਬਟਵਾਰਈ- ਰਸਤੇ ਵਿਚ ਲੁਟਣ ਵਾਲੇ, ਡਾਕੂ ਲੁਟੇਰੇ, ਵਾਟ ਮਾਰਨ ਵਾਲੇ

* ਬੀਧਾ ਪੰਚ **ਬਟਵਾਰਈ** ਉਪਜਿਓ ਮਹਾ ਖੇਦੁ॥

-ਬਿਲਾ ੫, ੫੮, ੩:੨ (815)

* ਕਾਮ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ **ਬਟਵਾਰਾ**॥

-ਗਉ ਕਬ, ੪੯, ੨:੧ (333)

ਬਟੂਆ - ਚੰਮ ਦਾ ਕਪੜੇ ਆਦਿ ਦੀ ਬਣੀ ਥੈਲੀ, ਛੋਟੀ ਥੈਲੀ, ਗੁਥਲੀ, ਫਕੀਰ ਦੀ ਸੁਆਹ ਰਖਨ ਦੀ ਥੈਲੀ

* ਖੰਡ ਬ੍ਰਹਮੰਡ ਮਹਿ ਸਿੰਡੀ ਮੇਰਾ **ਬਟੂਆ** ਸਭੁ ਜਗੁ ਭਸਮਾਧਾਰੀ॥

-ਗਉ ਕਬ, ੫੩, ੨:੧ (334)

ਬੰਦੀਖਾਨਾ - ਜੇਲ੍ਹ, ਕਾਰਾਗਾਰ, ਕੈਦਖਾਨਾ

* ਲਬੁ ਅਧੇਰਾ **ਬੰਦੀਖਾਨਾ** ਅਉਗਣ ਪੈਰਿ ਲੁਹਾਰੀ॥

-ਬਸੰ ੧, ਅਸ ੮, ੩:੨ (1191)

ਬਧਕ - ਕੈਦੀ, ਬਧੇ ਜਕੜੇ ਹੋਏ, ਬੰਧੂਆ

* ਤ੍ਰੈ ਗੁਣ **ਬਧਕ** ਮੁਕਤਿ ਨਿਰਾਰੀ॥

-ਮਾਰੂ ੩, ਸੋਲਾ ੬, ੧੩:੨ (1049)

ਬਨਜਨਹਾਰੇ- ਵਣਜਾਰੇ, ਵਣਜ ਕਰਨ ਵਾਲੇ, ਖਰੀਦਨ ਵਾਲੇ, ਸੋਦਾਗਰੀ

* **ਬਨਜਨਹਾਰੇ** ਬਾਹਰਾ ਕਉਡੀ ਬਦਲੈ ਜਾਇ॥

-ਸਲੋ ਕਬ, ੧੫੪:੨ (1372)

* ਮੈ **ਬਨਜਾਰਨਿ** ਰਾਮ ਕੀ॥

-ਗਉ ੧, ੧੯,੧:੧ (157)*

* ਸਗਲ ਸੰਸਾਰ ਕੀਓ **ਬਨਜਾਰਾ**॥

-ਗਉ ਕਬ, ੪੯,੧:੨ (333)*

* ਏਕੋ **ਬਨਜੁ** ਏ ਕੋ ਬਿਉਹਾਰੀ॥

-ਗਉ ੫, ੮੬, ੨:੩ (181)

ਬਨਵਾਸੀ - ਜੰਗਲਾਂ ਵਿਚ ਰਹਿਣਵਾਲਾ ਜਾਂ ਨਿਵਾਸ ਕਰਨ ਵਾਲਾ

*ਤਜੈ ਗਿਰਸਤੁ ਭਇਆ **ਬਨਵਾਸੀ** ਇਕੁ ਖਿਨੁ ਮਨੂਆ ਟਿਕੈਨ ਟਿਕਈਆ॥

-ਬਿਲਾ ੪, ਅਸ ੭, ੨:੧ (835)

ਬਨਿਤਾ - (ਸੰ. ਬਨੱਤਾ) ਪਤਨੀ, ਵਹੁਟੀ, ਔਰਤ, ਇਸਤਰੀ

* ਜਨਨਿ ਪਿਤਾ ਲੋਕ ਸੁਤ **ਬਨਿਤਾ** ਕੋਇ ਨ ਕਿਸ ਕੀ ਧਰਿਆ॥

-ਗੂਜ ੫, ਸੋਦ ੫, ੨:੧ (10)

ਬਰੰਗਨ - ਇਸਤ੍ਰੀਆਂ ਭਾਵ ਰਾਗਨੀਆਂ

* ਰਾਗ ਏਕ ਸੰਗਿ ਪੰਚ **ਬਰੰਗਨ**॥

-ਰਾਗ ੧:੧ (1429)

ਬਰਤ - ਵਰਤ, ਬਿਨਾ ਅਹਾਰ ਰਹਿਣ ਦਾ ਨਿਯਮ

* ਬਰਤੀ **ਬਰਤ** ਰਹੈ ਨਿਹਕਾਮ॥

-ਬਿਲਾ ੧, ਥਿਤੀ ੧੬:੩ (840)

* **ਬਰਤ** ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥

-ਗਉ ੫,੧੬੪,੧:੨ (216)*

ਬਰਤਨਿ - ਨਿਤ ਦੀ ਵਰਤੋਂ ਵਿਚ ਆਉਣ ਵਾਲੀ ਵਸਤ, ਬਰਤਨ, ਖਾਣ-ਪੀਣ ਦਾ ਭਾਂਡਾ ਜਿਸ ਵਿਚ ਚੀਜਾਂ ਪਕਾਈਆਂ ਜਾਂ ਖਾਧੀਆਂ ਜਾਂਦੀਆਂ ਹਨ।

* ਭਗਤ ਜਨਾ ਕੀ **ਬਰਤਨਿ** ਨਾਮੁ॥

-ਗਉ ੫, ਸੁਖ ੨, ੫:੧ (264)

ਬਰਨ - ਵਰੁਣ ਦੇਵਤਾ, ਸਮੁੰਦਰ ਦਾ ਦੇਵਤਾ, ਪਾਣੀ ਦਾ ਦੇਵਤਾ

*ਅਨਿਕ **ਬਰਨ** ਅਨਿਕ ਕਨਿਕ ਸੁਮੇਰ॥

-ਸਾਰ ੫, ਅਸ ੨, ੭:੨ (1236)

ਬਰੰਨਾ - ਵਰਨ, ਜਾਤੀਆਂ

* ਚਾਰਿ ਆਸਰਮ ਚਾਰਿ **ਬਰੰਨਾ** ਮੁਕਤਿ ਭਏ ਸੇਵ ਤੋਊ॥

-ਦੇਵ ੫, ੩੩, ੧:੨ (535)

ਬਰਨੁ - ਰੰਗ

* ਜਬ ਇਸ ਕਾ **ਬਰਨੁ** ਚਿਹਨੁ ਨ ਜਾਪਤ॥

-ਗਉ ੫, ਸੁਖ ੨੧, ੧:੫ (290)

ਬਰਮਾ - ਬ੍ਰਹਮਾ, ਹਿੰਦੂ ਦੀ ਦੇਵ-ਤ੍ਰਿਕੜੀ ਦਾ ਇਕ ਦੇਵਤਾ

* ਗੁਰੁ ਈਸਰੁ ਗੁਰੁ ਗੋਰਖੁ **ਬਰਮਾ** ਗੁਰੁ ਪਾਰਬਤੀ ਮਾਈ॥

-ਜਪੁ ੧, ੫:੮ (2)

* ਸੁਅਸਤਿ ਆਥਿ ਬਾਣੀ **ਬਰਮਾਉ**॥

-ਜਪੁ ੧, ੨੧:੭ (4)

ਬਰਾਹ - ਸੂਰ ਦੇ ਸਰੀਰ ਵਾਲਾ ਦੇਵਤਾ, ਇਕ ਅਵਤਾਰ ਹਿੰਦੂਆਂ ਦਾ

* ਖਗ ਤਨ ਮੀਨ ਤਨ ਮ੍ਰਿਗ ਤਨ **ਬਰਾਹ** ਤਨ ਸਾਧੂ ਸੰਗਿ ਉਧਾਰੇ॥

-ਮਲਾ ੫, ੧੩, ੧,੨ (1269)*

ਬਰੇਡਾ - ਸ਼ਰਬਤ, ਪੀਣ ਦੀ ਵਸਤੂ

* ਅਲਉਤੀ ਕਾ ਜੈਸੇ ਭਇਆ **ਬਰੇਡਾ** ਜਿਨਿ ਪੀਆ ਤਿਨਿ ਜਾਨਿਆ॥

-ਗਉ ਕਬ, ੪੭, ੨:੨ (333)

ਬਲੇਂਡਾ - ਉਹ ਲੰਬੀ ਬਲੀ ਅਥਵਾ ਛਤੀਰ ਜਿਸ 'ਤੇ ਛੱਪਰ ਟਿਕਿਆ ਹੁੰਦਾ ਹੈ, ਭਾਵ ਆਸਰਾ, ਉਹ ਲੰਬੀ ਲੱਕੜ ਜਿਸ ਦੇ ਆਧਾਰ ਛੱਪਰ ਟਿਕਦਾ ਹੈ

* ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ **ਬਲੇਂਡਾ** ਟੂਟਾ॥

-ਗਉ ਕਬ, ੪੩, ੧:੧ (331)

ਬਵਰਈ - ਮੂਰਖ, ਝੱਲਾ, ਬਾਵਰਾ, ਮੂਰਖ

* ਅਹੰ ਅਹੰ ਅਹੈ ਅਵਾਰ ਮੂੜ ਮੂੜ ਮੂੜ **ਬਵਰਈ**॥

-ਕਾਨ ੫,੫੦,੧:੧ (1308)

* ਛੋਡਿ ਕਪਟੁ ਨਿਤ ਹਰਿ ਭਜੁ **ਬਵਰੇ**॥

-ਬਿਲਾ ਕਬ,੮,੧:੨ (857)

ਬਾਸਨ - ਭਾਂਡੇ, ਬਰਤਨ, ਖਾਣ-ਪੀਣ ਲਈ ਵਰਤੀ ਜਾਂਦੀ ਚੀਜ਼

* **ਬਾਸਨ** ਮਾਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥

-ਆਸਾ ਕਬ, ੨,੨:੧ (476)

* **ਬਾਸਨੁ** ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥

-ਸਲੋ ਕਬ,੧੩੧:੨ (1371)

ਬਾਸੁਰੀ - ਬਾਂਸਰੀ, ਬੰਸਰੀ, ਇਕ ਵਜਾਉਣ ਵਾਲਾ ਸਾਜ਼

* ਕਰਨਹੁ ਮਧੁ **ਬਾਸੁਰੀ** ਬਾਜੈ ਜਿਹਵਾ ਧੁਨਿ ਆਗਾਜਾ॥

-ਰਾਮ ੫,੭,੧:੨ (884)

ਬਾਹਨ - (ਸੰ. ਵਾਹਨ) ਸਵਾਰੀ ਗੱਡੀ, ਰੱਥ ਆਦਿ

* ਕਬੀਰ ਹੈ ਗਇ **ਬਾਹਨ** ਸਘਨ ਘਨ ਲਾਖ ਧਜਾ ਫਹਰਾਹਿ॥

-ਸਲੋ ਕਬ, ੧੧੨:੧ (1370)

* ਖਰ **ਬਾਹਨੁ** ਉਹੁ ਛਾਰੁ ਉਡਾਵੈ॥

-ਗੋਂਡ ਨਾਮ, ੬,੧:੨ (874)

ਬਾਗਾ - ਚਿੱਟੇ ਕਪੜੇ, ਸਫ਼ੈਦ, ਦੁੱਧ ਰੰਗੇ ਵਸਤਰ, ਪੋਸ਼ਾਕ

* ਪਹਿਰੈ **ਬਾਗਾ** ਕਰਿ ਇਸਨਾਨਾ ਚੋਆ ਚੰਦਨ ਲਾਏ।

-ਗਉ ੫, ੧੫੨, ੩:੧ (213)*

* ਜੈਸੀ ਗਗਨਿ ਫਿਰੰਤੀ ਊਡਤੀ ਕਪਰੇ **ਬਾਗੇ** ਵਾਲੀ॥

-ਗਉ ੪, ੫੧, ੨:੧ (168)

ਬਾਜਾ - ਵਾਜਾ, ਇਕ ਸਾਜ਼

* ਚੇਤਿ ਅਚੇਤੁ ਮੂੜ ਮਨ ਮੇਰੇ ਬਾਜੇ ਅਨਹਦ **ਬਾਜਾ**॥

-ਬਿਲਾ ਕਬ, ੫,੨:੧ (856)

* **ਬਾਜੀਅਲੇ** ਅਨਹਦ ਬਾਜੇ॥

-ਸੋਰ ਕਬ, ੧੦, ੧:੪ (656)

* ਤਾਰ ਘੋਰ **ਬਾਜਿੰਤ੍ਰ** ਤਿਸੁ ਧੁਨਿ ਦਰਬਾਰਾ ਰਾਮ॥

-ਬਿਲਾ ੫, ਛੰਤ ੨,੧:੨ (846)

ਬਾਜੀ - (ਫ਼ਾ. ਬਾਜ਼ੀ) ਖੇਡ, ਤਾਸ਼ ਆਦਿ ਦੀ ਖੇਡ, ਖੇਡ ਤਮਾਸ਼ਾ

* ਜਗੁ ਸੁਪਨਾ **ਬਾਜੀ** ਬਨੀ ਖਿਨ ਮਹਿ ਖੇਲੁ ਖੇਲਾਇ॥

-ਸਿਰੀ ੧,੧੧, ੩:੧ (18)

ਬਾਜੀਗਰ - (ਫਾ. ਬਾਜੀਗਰ) ਨਟ ਖੇਡ ਰਚਨ ਵਾਲੇ, ਉਹ ਆਦਮੀ ਜੋ ਬਾਂਸਾਂ, ਰੱਸਿਆਂ ਆਦਿ ਤੇ ਚੜ੍ਹ ਕੇ ਤਮਾਸ਼ਾ ਕਰਦਾ ਹੈ

* **ਬਾਜੀਗਰ** ਸਉ ਮੋੁਹਿ ਪ੍ਰੀਤਿ ਬਨਿ ਆਈ॥

-ਆਸਾ ਰਵਿ, ੬,੩:੨ (487)

* ਕਾਮੀ ਕ੍ਰੋਧੀ ਚਾਤੁਰੀ **ਬਾਜੀਗਰਿ** ਬੇਕਾਮ॥

-ਮਾਰੂ ਕਬ, ੧,੩:੧ (1105)

* **ਬਾਜੀਗਰੀ** ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ॥

-ਆਸਾ ਕਬ, ੨੩, ੩:੨ (481)

* ਜੈਸਾ ਭੇਖੁ ਕਰਾਵੈ **ਬਾਜੀਗਰੁ** ਓਹੁ ਤੈਸੋ ਹੀ ਸਾਜੁ ਆਨੈ॥

-ਗਉ ੫, ੧੨੬, ੩:੨ (206)

ਬਾਣ - ਤੀਰ, ਲੋਹੇ ਦਾ ਤੀਰ

* **ਬਾਣ** ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥

-ਜੈਤ ੫, ਵਾਰ ੧੨ਸ, ੫,੧:੨ (708)

* ਗੁਰ ਕੈ **ਬਾਣਿ** ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ॥

-ਗਉ ਕਬ,੪੬,੨:੧ (332)

* ਕਬੀਰ ਸਤਿਗੁਰ ਸੂਰਮੇ ਬਾਹਿਆ **ਬਾਨੁ** ਜੁ ਏਕੁ॥

-ਸਲੋ ਕਬ,੧੯੪:੧ (1374)

* ਸਰੁ ਸੰਧੇ ਆਗਾਸ ਕਉ ਕਿਉ ਪਹੁਚੈ **ਬਾਣੁ**॥

-ਮਾਝ ੧, ਵਾਰ ੨੨ਸ, ੨,੨:੬ (148)

ਬਾਤੀ - ਬੱਤੀ ਦੀਵੇ ਦੀ, ਵੱਟੀ, ਰੂੰ ਦੀ ਬਣੀ ਬੱਤੀ

* ਜਬ ਲਗੁ ਤੇਲੁ ਦੀਵੇ ਮੁਖਿ **ਬਾਤੀ** ਤਬ ਸੂਝੈ ਸਭੁ ਕੋਈ॥

-ਆਸਾ ਕਬ, ੯,੧:੧ (477)

ਬਾਨੀ - ਰੰਗ, ਰੰਗਤ

* ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ **ਬਾਨੀ** ਲਾਈ॥

-ਆਸਾ ਕਬ,੧੬,੨:੧ (479)

ਬਾਪਾਰ - ਵਣਜ, ਵਿਉਪਾਰ, ਸੌਦਾ

* ਆਨ **ਬਾਪਾਰ** ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ।

-ਸਾਰ ੫,੩੫,੨:੧ (1211)

* ਕਵਨੁ **ਬਾਪਾਰੀ** ਜਾ ਕਾ ਊਹਾ ਵਿਸਾਹੁ॥

–ਗਉ ੫, ੯੫, ੧:੪ (181)

ਬਾਲਣ – ਈਂਧਨ, ਸਾੜੀ ਜਾਣ ਵਾਲੀ ਲਕੜੀ, ਬਾਲਣ ਦੀ ਕੋਈ ਵੀ ਸਮਗਰੀ

* ਕੁੰਨੇ ਹੇਠਿ ਜਲਾਈਐ **ਬਾਲਣ** ਸੰਦੈ ਥਾਇ॥

–ਸਲੋ ਫਰ, ੭੨:੨ (1381)

* ਤਨੁ ਤਪੈ ਤਨੂਰ ਜਿਉ **ਬਾਲਣ** ਹਡ ਬਲੰਨਿ॥

–ਸਲੋ ਫਰ, ੧੧੯,੨ (1384)

ਬਾਵਨ – ਚਿੱਟਾ ਚੰਦਨ ਜੋ ਸੁਗੰਧੀ ਵਾਲਾ ਹੁੰਦਾ ਹੈ।

